# ਭੂਮਿਕਾ

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**

(ਅੰਗ ੧੩੬੬)

ਅਰਥਾਤ—"ਮਨੁੱਖਾ ਜਨਮ ਅਮੋਲਕ ਹੈ, ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਤੇ ਵਾਰ ਵਾਰ ਆਸਾਨੀ ਨਾਲ ਨਹੀਂ ਲੱਭਦਾ ।"

ਇਸ ਤੁਕ ਦਾ ਭਾਵ ਇਹ ਹੈ ਕਿ ਹੋਰਨਾਂ ਸਾਰੀਆਂ ਜੂਨਾਂ ਦੇ ਮੁਕਾਬਲੇ ਵਿਚ ਮਨੁੱਖਾਂ ਦੀ ਪਦਵੀ ਉੱਤਮ ਹੈ, ਉਹ ਕਿਵੇਂ ? ਇਸ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਦਿੱਤਾ ਗਿਆ ਹੈ—

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

**(ਅੰਗ ੪੪੧)**

ਅਰਥਾਤ—ਹੇ ਮਨ ! ਤੂੰ ਰੱਬ ਦਾ ਰੂਪ ਹੈਂ ਆਪਣੇ ਅਸਲੇ ਦੀ ਪਛਾਣ ਕਰ ।

ਭਗਤ ਕਬੀਰ ਜੀ ਨੇ ਇਹ ਗੱਲ ਇਉਂ ਆਖੀ ਹੈ :

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥ (ਅੰਗ ੮੭੧)**

ਅਰਥਾਤ—ਹੇ ਕਬੀਰ ! ਆਖ ਕਿ ਇਹ ਆਤਮਾ ਰਾਮ ਦੀ ਹੀ ਅੰਸ ਹੈ ਜਾਂ ਬੰਦਾ ਰਾਮ ਦੀ ਅੰਸ ਹੈ ਤੇ ਇਸ ਅੰਦਰ ਪ੍ਰਮਾਤਮਾ ਦੀ ਆਪਣੀ ਜੋਤ ਪ੍ਰਕਾਸ਼ਮਾਨ ਹੈ ਤੇ ਜੀਵਨ ਦਾ ਮਨੋਰਥ ਇਸ ਜੋਤ ਦੇ ਦਰਸ਼ਨ ਹਨ। ਗੁਰੂ ਸਾਹਿਬ ਕਹਿੰਦੇ ਹਨ :-

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

**(ਅੰਗ ੩੭੮)**

ਪਰ ਉਹ ਮਨੁੱਖ ਬਦਕਿਸਮਤ ਹਨ ਜੋ ਬਾਹਰੋਂ ਭਾਵੇਂ ਜਾਗਦੇ ਹਨ, ਉਹ ਬੇਅੰਤ ਸ਼ਕਤੀਆਂ ਦੇ ਮਾਲਕ ਹੁੰਦੇ ਹਨ । ਇਹ ਗੱਲਾਂ ਅਧਿਆਤਮਿਕ ਪੱਧਰ ਦੀਆਂ ਹਨ ਤੇ ਬੜੀਆਂ ਅਮੋਲਕ ਹਨ । ਇਸ ਤੋਂ ਹੇਠਾਂ ਜੇ ਮਨੁੱਖ ਦਾ ਦਿਮਾਗ਼ੀ ਤੇ ਮਾਨਸਿਕ ਵਿਕਾਸ ਹੋ ਜਾਵੇ ਤਾਂ ਵੀ ਉਸ ਦੀ ਪਦਵੀ



ਮਹਾਨ ਹੈ । ਸਿਆਣਿਆਂ ਦਾ ਕਥਨ ਹੈ ਕਿ ਇਕ ਸਾਧਾਰਣ ਬੰਦੇ ਦੀਆਂ ਦਿਮਾਗ਼ੀ ਤੇ ਮਾਨਸਿਕ ਸ਼ਕਤੀਆਂ ਦਾ ਵਿਕਾਸ ਸੌ ਹਿੱਸੇ ਵਿਚੋਂ ਕੇਵਲ 15 ਹਿੱਸੇ ਹੀ ਹੋਇਆ ਹੁੰਦਾ ਹੈ ਤੇ ਉਸ ਦੀਆਂ ਬਾਕੀ ਦੀਆਂ 85 ਪ੍ਰਤੀਸ਼ਤ ਸ਼ਕਤੀਆਂ ਸੁੱਤੀਆਂ ਪਈਆਂ ਰਹਿੰਦੀਆਂ ਹਨ । ਕਿਸੇ ਮਨੁੱਖ ਦੀਆਂ ਇੰਨੀਆਂ ਵੱਡੀਆਂ ਸ਼ਕਤੀਆਂ ਸੁੱਤੀਆਂ ਰਹਿਣ ਨਾਲ ਜਿੱਥੇ ਉਹ ਦੁਨੀਆਂ ਵਿਚ ਵਧਣ ਫੁੱਲਣ ਤੋਂ ਰਹਿ ਜਾਂਦਾ ਹੈ, ਉੱਥੇ ਉਸ ਦਾ ਬੁਰੇ ਪਾਸੇ ਲੱਗ ਜਾਣਾ ਵੀ ਸੰਭਵ ਹੈ, ਤਾਂ ਹੀ ਗੁਰੂ ਸਾਹਿਬ ਇਕ ਪਾਸੇ ਕਹਿੰਦੇ ਹਨ :-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

**(ਅੰਗ ੮)**

ਅਰਥਾਤ—ਜਿਨ੍ਹਾਂ ਜੀਵਾਂ ਨੇ ਰਾਮ ਸਿਮਰਿਆ ਹੈ, ਆਪਣੀ ਮਿਹਨਤ ਸਫਲ ਕਰ ਗਏ ਹਨ । ਨਾਨਕ, ਹਰੀ-ਦਰ ਉੱਤੇ ਉਹ ਸੁਰਖ਼ਰੂ ਹੁੰਦੇ ਹਨ ਅਤੇ ਕਈ ਹੋਰ ਜੀਵ ਵੀ ਉਹਨਾਂ ਦੇ ਨਾਲ ਅਰਥਾਤ ਉਹਨਾਂ ਦੀ ਸੰਗਤ ਕਰਕੇ ਤਰ ਨਿਕਲਦੇ ਹਨ । ਦੂਜੇ ਪਾਸੇ ਕਹਿੰਦੇ ਹਨ :-

**"ਕਨਿਕ ਕਾਮਿਨੀ ਹੈਵਰ ਗੈਵਰ...ਨਰਕ ਘੋਰ ਕਾ ਦੁਆਰਾ ॥"**

**(ਅੰਗ ੬੪੨)**

ਇਹਨਾਂ ਤੁਕਾਂ ਵਿਚ ਮਨੁੱਖਾ ਜੀਵਨ ਦੇ ਚਿੱਤਰ ਖਿੱਚੇ ਗਏ ਹਨ । ਇਕ ਚਿੱਤਰ ਸੁੰਦਰ ਤੋਂ ਸੁੰਦਰ ਹੈ ਤੇ ਦੂਜਾ ਭੈੜੇ ਤੋਂ ਭੈੜਾ । ਜੇ ਕਿਤੇ ਇਹ ਪਤਾ ਲੱਗ ਜਾਵੇ ਕਿ ਉਹ ਕਿਹੋ ਜਿਹਾ ਰਸਤਾ ਹੈ ਕਿ ਬੰਦਾ ਉਪਰੋਕਤ ਭੈੜੀ ਹਾਲਤ ਤੋਂ ਬਚ ਕੇ ਚੰਗੀ ਹਾਲਤ ਪ੍ਰਾਪਤ ਕਰ ਸਕਦਾ ਹੈ ਤਾਂ ਉਸ ਨੂੰ ਉਸ ਰਾਹ 'ਤੇ ਤੁਰਨਾ ਚਾਹੀਦਾ ਹੈ । ਭਾਰਤ ਦੇ ਰਿਸ਼ੀਆਂ ਮੁਨੀਆਂ, ਗੁਰੂਆਂ ਤੇ ਅਵਤਾਰਾਂ ਨੇ ਵੱਖ-ਵੱਖ ਰਾਹ ਵਿਖਾਲੇ ਹਨ । ਸਿੱਖੀ ਦਾ ਮਾਰਗ ਨਾਮ ਦਾ ਮਾਰਗ ਹੈ, ਭਗਤੀ ਦਾ ਮਾਰਗ ਹੈ ਜਿਸ ਦੁਆਰਾ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ, ਫਿਰ ਮਨੁੱਖ ਵੱਡੀ ਆਤਮਿਕ ਦਸ਼ਾ ਵਿਚ ਅੱਪੜ ਜਾਂਦਾ ਹੈ । ਇਸ ਕਿਤਾਬਚੇ ਵਿਚ ਛਪੇ ਲੇਖ ਉਸ ਮਾਰਗ 'ਤੇ ਕੁਝ ਚਾਨਣਾ ਪਾਉਂਦੇ ਹਨ ।

-ਭਗਤ ਪੂਰਨ ਸਿੰਘ

## ਗੁਰਸਿੱਖ ਕੈਸਾ ਹੋਵੇ

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।**
**ਗੋਲਾ ਮੁਲ ਖਰੀਦੁ ਕਾਰੇ ਜੋਵਣਾ ।**
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ ।**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ ।**
**ਪਖੇ ਦੀ ਤਾਗੀਦ ਪਗ ਮਲਿ ਧੋਵਣਾ ।**
**ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ ।**
**ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ ।**
**ਚੰਦ ਮੁਮਾਰਖਿ ਈਦ ਪੁਗਿ ਖਲੋਵਣਾ ॥੩॥੧੮॥**

ਮੁਰੀਦੁ—ਚੇਲਾ । ਸਹੀਦੁ—ਜੋ ਧਰਮ ਦੀ ਖ਼ਾਤਰ ਮਰਨ ਲਈ ਤਿਆਰ ਹੈ । ਕਾਰੇ ਜੋਵਣਾ—ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿਣਾ । ਜਦੀਦ—ਨਵਾਂ । ਸੰਜੀਦੁ—ਗਹਿਰ ਗੰਭੀਰ । ਰਸੀਦੁ—ਪਹੁੰਚਿਆ ਹੋਇਆ । ਪੁਗਿ ਖਲੋਵਣਾ—ਸੰਸਾਰ ਦੀ ਬਾਜ਼ੀ ਜਿੱਤ ਜਾਣਾ, ਜੀਵਨ ਸਫਲ ਕਰ ਲੈਣਾ ।

1. (ਆਪਾ ਭਾਵ ਤੋਂ) ਮਰ ਕੇ ਹੀ ਕੋਈ ਬੰਦਾ ਚੇਲਾ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ, ਗੱਲਾਂ ਨਾਲ ਨਹੀਂ ।

2. ਉਹ ਸਬਰ ਤੇ ਸੰਤੋਖ ਵਾਲਾ ਜਿਊਂਦਾ ਸ਼ਹੀਦ ਹੈ ਤੇ ਉਸ ਨੇ ਭਰਮ ਭਉ ਗਵਾ ਛੱਡਿਆ ਹੋਇਆ ਹੈ । ਏਥੇ ਦੱਸਿਆ ਗਿਆ ਹੈ ਕਿ ਉਹ ਧਰਮ ਦੀ ਖ਼ਾਤਰ ਮਰਨ ਨੂੰ ਤਿਆਰ ਹੈ ਤੇ ਉਸ ਦੀ ਆਪਣੀ ਸ਼ਖ਼ਸੀਅਤ ਵਿਚ ਸਬਰ ਸਿਦਕ ਦਾਖ਼ਲ ਹੋ ਚੁੱਕੇ ਹਨ ਤੇ ਉਸ ਦੇ ਭਰਮ ਭਉ ਨਾਸ ਹੋ ਚੁੱਕੇ ਹਨ ।

3. ਉਹ ਗੁਰੂ ਦਾ ਮੁੱਲ ਖ਼ਰੀਦਿਆ ਹੋਇਆ ਗ਼ੁਲਾਮ ਹੈ ਤੇ ਹਰ ਵੇਲੇ ਉਹ ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿੰਦਾ ਹੈ ।



4. ਉਹ ਨਾ ਭੁੱਖ ਦੀ, ਨਾ ਨੀਂਦ ਦੀ, ਨਾ ਸੌਣ ਦੀ ਤੇ ਨਾ ਖਾਣ ਦੀ ਪ੍ਰਵਾਹ ਕਰਦਾ ਹੈ ਅਰਥਾਤ—ਸੇਵਾ ਦੀ ਲਗਨ ਵਿਚ ਉਹ ਏਨਾ ਮਸਤ ਹੈ ਕਿ ਉਹ ਨਾ ਭੁੱਖ ਤੇ ਤ੍ਰੇਹ ਦੀ ਪ੍ਰਵਾਹ ਕਰਦਾ ਹੈ ਤੇ ਨਾ ਅਰਾਮ ਦੀ ।

5. ਸੇਵਾ ਦੇ ਸ਼ੌਕ ਵਿਚ ਉਹ ਤਾਜ਼ਾ ਆਟਾ ਪੀਂਹਦਾ ਹੈ ਤੇ ਪਾਣੀ ਢੋਂਦਾ ਹੈ (ਗੁਰੂ ਦਾ ਕੰਮ ਉਹ ਫ਼ਿਕਰ ਤੇ ਪੂਰੀ ਨਿਮਰਤਾ ਵਿਚ ਰਹਿ ਕੇ ਕਰਦਾ ਹੈ) ।

6. ਉਹ ਸੰਗਤਾਂ ਦੀ ਸੇਵਾ ਵਿਚ ਪੱਖਾ ਝੱਲਦਾ ਹੈ ਤੇ ਗੁਰੂ ਦੇ ਚਰਨ ਮਲ ਮਲ ਕੇ ਧੋਂਦਾ ਹੈ ਅਰਥਾਤ ਸੰਗਤਾਂ ਤੇ ਗੁਰੂ ਦੀ ਤਾਬੇਦਾਰੀ ਵਿਚ ਰਹਿੰਦਾ ਹੈ ।

7. ਉਹ ਗੰਭੀਰ ਸੇਵਕ ਹੋ ਕੇ ਵਿਚਰਦਾ ਹੈ । ਉਹ ਨਾ ਮਾਣ ਪ੍ਰਾਪਤ ਕਰਕੇ ਹੱਸਦਾ ਹੈ ਨਾ ਨਿਰਾਦਰੀ ਤੋਂ ਦੁੱਖੀ ਹੋ ਕੇ ਰੋਂਦਾ ਹੈ । ਉਹ ਸਹਿਜ ਵਿਚ ਅੱਪੜ ਗਿਆ ਹੋਇਆ ਹੈ । ਉਸ ਨੂੰ ਨਾ ਹਿਰਖ ਹੈ, ਨਾ ਦੁੱਖ ਹੈ, ਨਾ ਸੁੱਖ ਹੈ, ਨਾ ਸਨੇਹ ਹੈ, ਨਾ ਵਿਰੋਧ ਹੈ, ਕੰਚਨ (ਸੋਨਾ) ਮਿੱਟੀ ਇਕ ਸਮਾਨ ਹਨ ਆਦਿਕ ।

## ਗੁਰਸਿੱਖ ਦੀ ਨਿੱਤ ਕਰਨੀ

**ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ।**
**ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।**
**ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ।**
**ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ ।**
**ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ ।**
**ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ ।**
**ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ ।**
**ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥**
**(ਵਾਰ ਭਾਈ ਗੁਰਦਾਸ ਜੀ)**

ਗੁਰਮੁਖ (ਮੁਖੀ ਗੁਰੂ, ਸ਼੍ਰੋਮਣੀ ਗੁਰੂ, ਸਤਿਗੁਰੂ ਨੇ ਗੁਰਸਿੱਖਾਂ ਲਈ ਇਕ ਗਾਡੀ ਰਾਹ ਚਲਾਇਆ ਹੈ ਜਿਸ 'ਤੇ ਤੁਰ ਕੇ ਵੱਡੀ ਤੋਂ ਵੱਡੀ ਮੰਜ਼ਲ 'ਤੇ ਪੁੱਜ ਜਾਈਦਾ ਹੈ । ਉਹ ਰਾਹ :-

ਗੁਰੂ ਦਾ ਸਿੱਖ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਸਰੋਵਰਾਂ (ਅਥਵਾ ਖੂਹਾਂ ਅਤੇ ਤਲਾਬਾਂ) ਪੁਰ ਇਸ਼ਨਾਨ ਕਰਦਾ ਹੈ । ਗੁਰੂ ਦੇ ਬਚਨ ਜਪੁ ਜੀ ਸਾਹਿਬ, ਜਾਪ ਸਾਹਿਬ ਅਤੇ ਤ੍ਵਪ੍ਰਸਾਦਿ ਸਵੈਯੇ ਆਦਿ ਬਾਣੀਆਂ ਪੜ੍ਹ ਕੇ ਧਰਮਸ਼ਾਲਾ ਦੀ ਸੁਰਤ (ਧਰਮਸ਼ਾਲਾ ਵਿਚ ਜਾ ਕੇ ਸਤਿਸੰਗ) ਕਰਦਾ ਹੈ, ਸਾਧ-ਸੰਗਤ ਵਿਚ ਮਿਲ ਕੇ ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਦਾ ਹੈ । ਮਨ ਵਿਚੋਂ ਸ਼ੰਕਾਵਾਂ ਦੂਰ ਕਰਕੇ ਗੁਰੂ ਦੇ ਸਿੱਖਾਂ (ਸੰਗਤਾਂ) ਦੀ ਸੇਵਾ ਕਰਦਾ ਹੈ । ਉਹ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰਕੇ ਉਸ ਵਿਚੋਂ ਪ੍ਰਸ਼ਾਦ ਸਾਧ ਸੰਗਤ ਵਿਚ ਲਿਆ ਕੇ (ਛਕਾ ਕੇ) ਬਚੇ ਵਿਚੋਂ ਫਿਰ ਆਪ ਛਕਦਾ ਹੈ ।

ਮੇਰੇ ਸਤਿਗੁਰ ਨੇ ਇਸ ਕਲਿਯੁਗ ਵਿਚ ਪ੍ਰਕਾਸ਼ ਲੈ ਕੇ ਐਸੀ ਕਲਾ ਵਰਤਾਈ ਹੈ ਕਿ ਸਾਧ-ਸੰਗਤ ਦੁਆਰਾ ਗੁਰੂ ਤੇ ਚੇਲਾ ਅਭੇਦ ਹੋ ਜਾਂਦੇ ਹਨ । ਗੁਰਮੁਖ (ਗੁਰੂ) ਨੇ ਇਹ ਗਾਡੀ ਰਾਹ ਸਭ ਦੀ ਕਲਿਆਣ ਲਈ ਚਲਾ ਦਿੱਤਾ ਹੈ ।

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ।**
**ਗੁਰ ਸੇਵਾ ਫਲੁ ਸੁਫਲ ਫਲੰਦੇ ॥੨॥ (ਭਾਈ ਗੁਰਦਾਸ ਜੀ ਦੀ ਵਾਰ ੧੨)**



**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥**
**ਗਉੜੀ ਕੀ ਵਾਰ ਮਹਲਾ ੪ (ਅੰਗ ੩੦੫)**

"ਸਤਿਗੁਰ ਦਾ ਸਿੱਖ ਹੋਣ ਦਾ ਦਾਅਵਾ ਜੋ ਮਨੁੱਖ ਕਰਦਾ ਹੈ ਉਹ ਹਰ ਰੋਜ਼ ਸਵੇਰੇ ਉੱਠ ਕੇ ਹਰੀ ਦਾ ਨਾਮ ਧਿਆਉਂਦਾ ਹੈ । ਉਸ ਦਾ ਰੋਜ਼ ਦਾ ਇਹ ਉੱਦਮ ਹੋ ਗਿਆ ਹੁੰਦਾ ਹੈ ਕਿ ਉਹ ਅੰਮ੍ਰਿਤ ਵੇਲੇ ਪਹਿਲਾਂ ਸਰੀਰਕ ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਅੰਮ੍ਰਿਤ ਸਰੋਵਰ ਵਿਚ ਰੂਹਾਨੀ ਇਸ਼ਨਾਨ ਕਰਦਾ ਹੈ । ਗੁਰੂ ਦੇ ਉਪਦੇਸ਼ ਦੁਆਰਾ ਉਹ ਹਰੀ ਦਾ ਜਾਪ ਜਪਦਾ ਹੈ ਜਿਸ ਦੇ ਕਾਰਨ ਉਸ ਦੇ ਸਾਰੇ ਦੋਸ਼ ਤੇ ਪਾਪ ਨਸ਼ਟ ਹੋ ਜਾਂਦੇ ਹਨ । ਫਿਰ ਦਿਨ ਚੜ੍ਹਨ 'ਤੇ ਉਹ ਗੁਰਬਾਣੀ ਗਾਉਂਦਾ ਹੈ ਤੇ ਉਠਦਿਆਂ ਬੈਠਦਿਆਂ ਹਰੀ ਦੇ ਨਾਮ ਨੂੰ ਆਪਣੇ ਧਿਆਨ ਵਿਚ ਰੱਖਦਾ ਹੈ । ਜਿਹੜਾ ਗੁਰਸਿੱਖ ਸੁਆਸ-ਸੁਆਸ ਤੇ ਖਾਂਦਿਆਂ-ਪੀਂਦਿਆਂ ਮੇਰੇ ਹਰੀ ਨੂੰ ਧਿਆਉਂਦਾ ਰਹਿੰਦਾ ਹੈ ਉਹ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ । ਜਿਸ ਵਡਭਾਗੀ ਗੁਰਸਿੱਖ ਉੱਤੇ ਮੇਰਾ ਮਾਲਕ ਹਰੀ ਦਿਆਲ ਹੁੰਦਾ ਹੈ ਉਸੇ ਨੂੰ ਗੁਰੂ ਦਾ ਉਪਦੇਸ਼ ਮਿਲਦਾ ਹੈ । ਗੁਰੂ ਉਪਦੇਸ਼ ਸੁਣਦੇ ਤਾਂ ਸਾਰੇ ਹੀ ਹੁੰਦੇ ਹਨ ਪਰ ਗ੍ਰਹਿਣ ਕੋਈ ਵਡਭਾਗੀ ਹੀ ਕਰਦਾ ਹੈ । ਸਹੀ ਅਰਥਾਂ ਵਿਚ ਉਸ ਨੂੰ ਹੀ ਗੁਰੂ ਨੇ ਉਪਦੇਸ਼ ਸੁਣਾਇਆ ਹੈ । ਦਾਸ ਨਾਨਕ ਉਸ ਗੁਰਸਿੱਖ ਦੇ ਚਰਨਾਂ ਦੀ ਧੂੜੀ ਮੰਗਦਾ ਹੈ ਜਿਹੜਾ ਆਪ ਨਾਮ ਜਪਦਾ ਹੈ ਤੇ ਦੂਜਿਆਂ ਨੂੰ ਨਾਮ ਜਪਣ ਦੇ ਰਾਹੇ ਪਾਉਂਦਾ ਹੈ ।

ਸਮੁੱਚਾ ਭਾਵ ਇਹ ਹੈ ਕਿ ਗੁਰਸਿੱਖ ਨਾਮ ਦਾ ਵਪਾਰੀ ਹੈ ਤੇ ਜੀਵਨ ਦੇ ਹਰ ਸਮੇਂ ਉਹ ਨਾਮ ਦਾ ਹੀ ਵਾਪਾਰ ਕਰਦਾ ਹੈ । ਪਰ ਨਾਮ ਦਾ ਵਾਪਾਰੀ ਕੀ ਹੁੰਦਾ ਹੈ ? ਜੋ ਹਰੀ ਨੂੰ ਸੁਆਸ ਸੁਆਸ ਆਪਣੇ ਦਿਲ ਵਿਚ ਵਸਾਈ ਰੱਖਦਾ ਹੈ ਤੇ ਹਰੀ ਹੀ ਉਸ ਨੂੰ ਸਾਰੇ ਜੀਵਨ ਵਿਚ ਅਗਵਾਈ ਦਿੰਦਾ ਹੈ । ਸੱਚ, ਪ੍ਰੇਮ ਪਿਆਰ, ਨਿਮਰਤਾ, ਮਿਠਾਸ, ਗ਼ਰੀਬੀ ਆਦਿਕ ਦੈਵੀ ਗੁਣਾਂ ਨਾਲ ਉਹ ਭਰਿਆ ਹੁੰਦਾ ਹੈ ਕਿਉਂਕਿ ਉਸ ਦੇ ਅੰਦਰ ਵੱਸਦਾ ਹਰੀ ਇਹਨਾਂ ਗੁਣਾਂ ਨਾਲ ਭਰਪੂਰ ਹੈ । ਨਾਮ ਸਿਮਰਨ ਵਾਲਾ ਗੁਰਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ, ਉਸ ਵਿਚੋਂ ਸੁੱਤੇ ਹੀ ਸੱਚ, ਪਿਆਰ, ਸੇਵਾ ਅਨੰਦ ਆਦਿਕ ਨਿਕਲਦੇ ਹਨ ।



# ਆਦਰਸ਼ਕ ਸੇਵਕ

**ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ।**

**ਵਡਹੰਸੁ ਮਹਲਾ ੫ ॥ (ਅੰਗ ੫੭੮)**

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ।

ਅਰਥਾਤ—ਜੋ ਪੁਰਸ਼ ਸੇਵਾ ਕਰਦੇ ਵੀ ਰਾਮ ਨੂੰ ਹੀ ਲੱਭਦੇ ਹਨ ਉਹੋ ਅਸਲ ਸੇਵਕ ਹਨ ।

**ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥**
**ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥**
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥**
**ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥**
**ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥**
**ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥**
**ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥**
**ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥**
**ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥**
**(ਅੰਗ ੧੦੦੦)**

ਅਰਥਾਤ—ਸੇਵਕ ਆਪਣੇ ਮਨ ਅੰਦਰ ਮਾਨ, ਮੋਹ ਲੋਭ ਤੇ ਹੋਰ ਵਿਕਾਰਾਂ ਨੂੰ ਦਾਖ਼ਲ ਨਹੀਂ ਹੋਣ ਦਿੰਦਾ । ਉਹ ਹਰੀ ਤੋਂ ਬਿਨਾਂ ਕਿਸੇ ਹੋਰ ਨੂੰ ਮਨ ਵਿਚ ਥਾਂ ਨਹੀਂ ਦਿੰਦਾ । ਉਹ ਕੇਵਲ ਹਰੀ ਨਾਮ ਅਤੇ ਹਰੀ ਦੇ ਗੁਣਾਂ ਰੂਪੀ ਰਤਨਾਂ ਦਾ ਖ਼ਰੀਦਦਾਰ ਹੈ ਤੇ ਇਹੋ ਸਮੱਗਰੀ ਲੱਦ ਕੇ ਲੈ ਚੱਲਿਆ ਹੈ । ਸੇਵਕ ਦੀ ਪ੍ਰੀਤਿ ਤੋੜ ਤਕ ਨਿਭ ਗਈ ਹੈ । ਸਾਰੀ ਉਮਰ ਉਸ ਨੇ ਸਾਹਿਬ ਦੀ ਸੇਵਾ ਕੀਤੀ ਹੈ ਤੇ ਸੰਸਾਰ ਤੋਂ ਜਾਣ ਵੇਲੇ ਵੀ

ਸਾਹਿਬ ਨੂੰ ਦਿਲ ਵਿਚ ਰੱਖਿਆ ਹੈ । ਜੋ ਵੀ ਮਾਲਕ ਨੇ ਹੁਕਮ ਦਿੱਤਾ ਹੈ ਉਸ ਨੇ ਉਸ ਤੋਂ ਕਦੇ ਮੂੰਹ ਨਹੀਂ ਮੋੜਿਆ । ਜੇ ਮਾਲਕ ਨੇ ਘਰ ਰੱਖਿਆ ਤਾਂ ਉੱਥੇ ਹੀ ਉਸ ਨੇ ਪੂਰਨ ਅਨੰਦ ਸਮਝਿਆ ਹੈ, ਜੇ ਉਸ ਨੇ ਆਖਿਆ ਉੱਠੋ ਤਾਂ ਤੁਰੰਤ ਉੱਥੋਂ ਦੌੜ ਪਿਆ ਹੈ । ਜੇ ਉਸ ਦੇ ਹੁਕਮ ਵਿਚ ਭੁੱਖੇ ਰਹਿਣਾ ਪਿਆ ਹੈ ਤਾਂ ਉਸ ਨੇ ਭੁੱਖ ਨੂੰ ਵੀ ਦੁੱਖ ਨਹੀਂ ਸਮਝਿਆ ਬਲਕਿ ਸੁਖ ਹੀ ਸਮਝਿਆ । ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਉਹ ਉੱਤੇ ਰਿਹਾ ਹੈ । ਜੋ ਵੀ ਹੁਕਮ ਉਸ ਨੂੰ ਸਾਹਿਬ ਵੱਲੋਂ ਆਇਆ ਹੈ ਉਸ ਨੇ ਖਿੜੇ ਮੱਥੇ ਉਸ ਨੂੰ ਪ੍ਰਵਾਨ ਕੀਤਾ ਹੈ, ਤਾਂ ਹੀ ਠਾਕੁਰ ਸੇਵਕ 'ਤੇ ਪ੍ਰਸੰਨ ਹੋਇਆ ਹੈ ਤੇ ਸੇਵਕ ਦੇ ਲੋਕ ਤੇ ਪ੍ਰਲੋਕ ਸੰਵਰ ਗਏ ਹਨ । ਧੰਨ ਹੈ ਐਸਾ ਸੇਵਕ ਤੇ ਹੇ ਨਾਨਕ ! ਸਫਲ ਹੈ ਉਸ ਸੇਵਕ ਦਾ ਸੰਸਾਰ ਵਿਚ ਆਵਣਾ ਜਿਸ ਨੇ ਆਪਣੇ ਮਾਲਕ ਨੂੰ ਪਛਾਣ ਲਿਆ ਹੈ ।

ਇਸ ਸ਼ਬਦ ਵਿਚ ਇਕ ਪੂਰਨ ਆਗਿਆਕਾਰੀ ਸੇਵਕ ਦੀ ਤਸਵੀਰ ਦਿਖਾਈ ਗਈ ਹੈ । ਕਈ ਹੋਰ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿਚ ਸੇਵਾ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ । ਏਸੇ ਕਾਰਨ ਹੀ ਸਿੱਖ ਇਤਿਹਾਸ—ਸੇਵਾ, ਉਪਕਾਰ ਤੇ ਕੁਰਬਾਨੀਆਂ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ ।

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥**
**ਸਿਰੀਰਾਗੁ ਮਹਲਾ ੧ ॥ (ਅੰਗ ੨੬)**

ਅਰਥਾਤ—"ਇਸ ਦੁਨੀਆਂ ਅੰਦਰ ਜੇ ਸੇਵਾ ਕਰਦੇ ਰਹੀਏ ਤਾਂ ਰੱਬ ਦੀ ਦਰਗਾਹ ਵਿਚ ਆਦਰ ਦੀ ਥਾਂ ਮਿਲਦੀ ਹੈ ।"

ਪਰ ਸੇਵਾ ਕੇਹੀ ? ਜਿਸ ਆਦਰਸ਼ਕ ਸੇਵਾ ਦਾ ਨਮੂਨਾ ਗੁਰੂ ਅਰਜਨ ਦੇਵ ਜੀ ਇੱਥੇ ਪੇਸ਼ ਕਰ ਰਹੇ ਹਨ ਉਹ ਇਤਨਾ ਖ਼ੂਬਸੂਰਤ ਤੇ ਮਹਾਨ ਵਿਖਾਇਆ ਗਿਆ ਹੈ ਕਿ ਅਜਿਹਾ ਸੇਵਕ ਉਹ ਆਪ ਹੀ ਹੋਏ



ਹਨ । ਉਹਨਾਂ ਦਾ ਜੀਵਨ ਇਕ ਅਣਥੱਕ ਸੇਵਕ ਦਾ ਜੀਵਨ ਹੈ, ਜੋ ਸਾਰੇ ਦਾ ਸਾਰਾ ਹੀ ਸੇਵਾ ਕਰਦਿਆਂ ਗੁਜ਼ਰਿਆ ਹੈ ਤੇ ਜਿਸ ਵਿਚ ਉੱਦਮ ਤੇ ਮਿਹਨਤ ਇਸ ਕਦਰ ਲਗਾਤਾਰ ਹੋਈ ਹੈ ਕਿ ਜੀਵਨ ਦਾ ਇਕ ਮਿੰਟ ਵੀ ਅਜਾਈਂ ਨਹੀਂ ਗਿਆ । ਸ੍ਰੀ ਹਰਿਮੰਦਰ ਸਾਹਿਬ, ਤਰਨ ਤਾਰਨ ਸਾਹਿਬ ਆਦਿਕ ਕਈ ਵੱਡੇ-ਵੱਡੇ ਤੀਰਥ ਉਨ੍ਹਾਂ ਹੀ ਬਣਵਾਏ ਸਨ । ਉਹਨਾਂ ਹੀ ਭਾਈ ਗੁਰਦਾਸ ਜੀ ਦੀ ਸੇਵਾ ਪ੍ਰਾਪਤ ਕਰਕੇ ਕਈ ਸਾਲਾਂ ਦੀ ਘਾਲਣਾ ਨਾਲ ਗੁਰਬਾਣੀ ਨੂੰ ਜਥੇਬੰਦ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ।

ਇਸ ਬੀੜ ਵਿਚ ਬਾਣੀ ਦੀ ਲਗ-ਮਾਤਰ ਚੰਗੀ ਤਰ੍ਹਾਂ ਸੋਧ ਕੇ ਉਹਨਾਂ ਨੇ ਨਿਯਮਾਂ ਤੇ ਰਾਗਾਂ ਅਨੁਸਾਰ ਇਸ ਨੂੰ ਚਾੜ੍ਹਿਆ ਸੀ । ਬਹੁਤ ਸਾਰੀ ਬਾਣੀ ਉਹਨਾਂ ਦੀ ਆਪਣੀ ਰਚਨਾ ਹੈ । ਫਿਰ ਉਹਨਾਂ ਨੇ ਲੋਕ-ਭਲਾਈ ਨੂੰ ਮੁੱਖ ਰੱਖ ਕੇ ਕਈ ਬਉਲੀਆਂ ਬਣਵਾਈਆਂ, ਪਿੰਡ ਵਸਾਏ ਤੇ ਤਜਾਰਤ ਦੇ ਕੇਂਦਰ ਕਾਇਮ ਕੀਤੇ ਸਨ । ਥਾਂ-ਥਾਂ ਪ੍ਰਚਾਰ ਦੇ ਅੱਡੇ ਖੋਲ੍ਹ ਕੇ ਲਗਾਤਾਰ ਪ੍ਰਚਾਰ ਦੁਆਰਾ ਮਨੁੱਖਾ ਸਮਾਜ ਅੰਦਰ ਜਾਗਰਤੀ ਲਿਆਂਦੀ ਸੀ ਤੇ ਸਮਾਜ ਨੂੰ ਹਰ ਤਰ੍ਹਾਂ ਤਾਕਤਵਰ ਬਣਾਇਆ ਸੀ । ਇਹ ਲੇਖ "ਸਿੱਖ ਧਰਮ ਦੀਆਂ ਬੁਨਿਆਦਾਂ" ਪੁਸਤਕ ਵਿਚੋਂ ਲਿਆ ਹੈ । ਪੁਸਤਕ ਦੇ ਲਿਖਾਰੀ ਸ: ਨਰੈਣ ਸਿੰਘ ਜੀ ਗੁਰਮਤਿ ਦੇ ਮਹਾਨ ਵਿਦਵਾਨ ਸਨ ਤੇ ਉਹਨਾਂ ਨੇ ਸਾਰੀ ਉਮਰ ਗੁਰਮਤਿ ਦੀ ਖੋਜ ਵਿਚ ਗੁਜ਼ਾਰੀ ।

**(ਸਿੱਖ ਧਰਮ ਦੀਆਂ ਬੁਨਿਆਦਾਂ ਪੁਸਤਕ ਵਿਚੋਂ ਧੰਨਵਾਦ ਸਹਿਤ !)**

ਸ਼ਹੀਦਾਂ ਦੇ ਸਿਰਤਾਜ ਤੇ ਸਿੱਖ-ਪੰਥ ਦੇ ਪੰਜਵੇਂ ਗੁਰੂ

# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ

'ਲਾਹੌਰ ਸ਼ਹਿਰ ਵਿਚ ਕਾਲ ਪੈ ਗਿਆ । ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਹੈ । ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ 'ਭੁੱਖ ਤੇ ਰੋਗਾਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਹਨਾਂ ਲੋਥਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ ਸਾੜਨ ਦਾ ਕੋਈ ਵੀ ਪ੍ਰਬੰਧ ਨਹੀਂ ਸੀ । ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਸੀ ਕਿ ਅਕਬਰ ਬਾਦਸ਼ਾਹ ਨੂੰ ਆਪ ਦਿੱਲੀ ਦੇ ਆਪਣੇ ਤਖ਼ਤ ਤੋਂ ਮੌਕੇ 'ਤੇ ਆਉਣਾ ਪਿਆ ।

ਸੰਨ 1597 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁੱਜੇ । ਉਸ ਸਮੇਂ ਤਕ ਗੁਰੂ ਜੀ ਪਾਸ ਸੰਗਤਾਂ ਪਾਸੋਂ ਆਈ ਹੋਈ ਦਸਵੰਧ ਦੀ ਰਕਮ ਸ੍ਰੀ ਦਰਬਾਰ ਸਾਹਿਬ ਜੀ ਦੇ ਖ਼ਜ਼ਾਨੇ ਵਿਚ ਕਾਫ਼ੀ ਜਮ੍ਹਾਂ ਹੋ ਗਈ ਸੀ । ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪੁਚਾਣੀ ਸ਼ੁਰੂ ਕੀਤੀ । ਸਦਾ ਵਰਤ ਲੰਗਰ ਜਾਰੀ ਕਰ ਦਿੱਤੇ । ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ । ਡੱਬੀ ਬਜ਼ਾਰ ਵਿਚ ਬਾਉਲੀ ਬਣਾਉਣੀ ਸ਼ੁਰੂ ਕਰ ਦਿੱਤੀ ਗਈ । ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਸ਼ੁਰੂ ਹੋ ਗਏ ਤੇ ਸਿਰ ਛੁਪਾਣ ਵਾਸਤੇ ਥਾਂ ਵੀ ਬਣ ਗਈ । ਮੁਰਦੇ ਚੁੱਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ । ਲੋਕੀਂ ਦੇਖ ਕੇ ਵਾਹ ਵਾਹ ਕਰ ਰਹੇ ਸਨ ਤੇ ਧੰਨ ਗੁਰੂ ਅਰਜਨ ਧੰਨ ਗੁਰੂ ਅਰਜਨ ਦੇਵ ਜੀ ਦੀ ਧੁਨੀ ਲਗਾ ਰਹੇ ਸਨ । ਅੱਠ ਮਹੀਨੇ ਆਪ ਲਾਹੌਰ ਹੀ ਰਹੇ, ਫਿਰ



ਉਸਾਰੀ ਦਾ ਕੰਮ ਸਿੱਖਾਂ ਦੇ ਸਪੁੱਰਦ ਕਰਕੇ ਆਪ ਪਿੰਡਾਂ ਵਿਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਚਲੇ ਗਏ ।

ਤਰਨ ਤਾਰਨ ਵਿਚ ਆਪ ਨੇ ਖ਼ਾਸ ਤੌਰ 'ਤੇ ਕੋਹੜਿਆਂ ਤੇ ਪਿੰਗਲਿਆਂ ਵਾਸਤੇ ਪਿੰਗਲਵਾੜਾ ਬਣਾਇਆ, ਉਨ੍ਹਾਂ ਦੇ ਰਹਿਣ, ਦਵਾਈ ਆਦਿ ਦੇ ਹੋਰ ਸਾਰੇ ਪ੍ਰਬੰਧ ਕੀਤੇ । ਜਿੰਨੇ ਖੂਹ ਗੁਰੂ ਅਰਜਨ ਦੇਵ ਜੀ ਨੇ ਮਾਝੇ ਵਿਚ ਲਗਵਾਏ ਸਨ ਏਨੇ ਕਿਸੇ ਹੋਰ ਵਿਅਕਤੀ ਨੇ ਨਹੀਂ ਲਗਵਾਏ । ਆਪ ਨੇ ਰੋਗੀਆਂ ਦੇ ਸਰੀਰਕ ਰੋਗ ਦਵਾਈਆਂ ਵੰਡ ਵੰਡ ਕੇ ਦੂਰ ਕੀਤੇ ।" ਪੁਸਤਕ "ਸਾਡਾ ਇਤਿਹਾਸ ਦਸ ਪਾਤਿਸ਼ਾਹੀਆਂ" ਵਿਚੋਂ ਲੇਖਕ ਪ੍ਰੋਫ਼ੈਸਰ ਸਤਿਬੀਰ ਸਿੰਘ । (ਸੰਨ 1947 ਦੀ ਦੇਸ਼ ਦੀ ਵੰਡ ਤੋਂ ਪਹਿਲਾਂ, ਲਾਹੌਰ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ ਜੋ ਹੁਣ ਪੱਛਮੀ ਪਾਕਿਸਤਾਨ ਵਿਚ ਆ ਗਿਆ ਹੈ ।)

ਗੁਰੂ-ਘਰ ਦੇ ਇਤਿਹਾਸ ਦਾ ਉੱਪਰ ਲਿਖਿਆ ਬਿਰਤਾਂਤ ਅਜਿਹਾ ਹੈ ਜਿਹੜਾ ਗੁਰੂ-ਘਰ ਦੀ ਸ਼ੋਭਾ ਨੂੰ ਮਨੁੱਖੀ ਸੱਭਿਅਤਾ ਦੇ ਆਕਾਸ਼ ਵਿਚ ਪਹੁੰਚਾ ਰਿਹਾ ਹੈ । ਮੇਰੀ ਇੱਛਾ ਹੈ ਕਿ ਮੈਂ ਆਪਣੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਬੋਰਡਾਂ ਦੁਆਰਾ ਅਜਿਹੇ ਬਿਰਤਾਂਤਾਂ ਦਾ ਵੱਧ ਤੋਂ ਵੱਧ ਪ੍ਰਚਾਰ ਦੇਸ਼ ਦੇ ਹਰ ਹਿੱਸੇ ਵਿਚ ਕਰਾਂ ।

-ਭਗਤ ਪੂਰਨ ਸਿੰਘ

ਦਸਮ-ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਸਥਾਪਤ ਕੀਤੇ ਹੋਏ ਸਿੱਖ ਪੰਥ ਦੇ ਤਖ਼ਤ,

# ਤਖ਼ਤ ਸ੍ਰੀ ਕੇਸਗੜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਦੇ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ, ਨਵਿਆਂ ਰੰਗਾਂ ਵਿਚ ਰੰਗਿਆ ਜਾਂਦਾ ਸੀ । ਸੇਵਾ-ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ-ਨਵੇਂ, ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਨ੍ਹਾਂ ਸਾਰਿਆਂ ਤੋਂ ਪਿਛੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ । ਉਹ ਸੰਸਾਰ ਦੇ ਇਸ ਮਾਇਆ ਰੂਪੀ ਜਾਲ ਤੋਂ ਬਿਲਕੁੱਲ ਸੁਤੰਤਰ ਹੋ ਕੇ ਗੁਰੂ ਸੁਪਨਿਆਂ ਨਾਲ ਇਕ-ਮਿਕ ਹੋ ਗਏ ਸਨ । ਸੇਵਾਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ-ਸਲੀਬ) ਦੀ ਨੀਂਹ ਰੱਖੀ, ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿਚ ਆਪਣੀ ਪਿੱਠ ’ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ । ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਲਈ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ ਪੱਟੀ ਦਾ ਸਾਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜਰਾਹੀ (ਚੀਰ-ਫਾੜ ਕਰਨ) ’ਤੇ ਔਸ਼ਧੀ (ਦਵਾਈ) ਦੇ ਇਲਮ ਵੀ ਉਹ ਸਿੱਖਦੇ ਸਨ । ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ ’ਤੇ ਲਗਾ ਦਿੱਤਾ । ਉਹਨਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਭਰ ਵਿਚ ਵਿੱਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪਹੁੰਚਾਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਸੀ ।

ਪ੍ਰੋ: ਪੂਰਨ ਸਿੰਘ ਦੀ ਅੰਗਰੇਜ਼ੀ ਪੁਸਤਕ “ਦਸ ਗੁਰੂ ਸਾਹਿਬਾਨ” (A book of ten master) ਵਿਚੋਂ ।



# ਇਕ ਜੀਵਨ ਦਾਨੀ ਇਤਿਹਾਸਕ ਨਿਹੰਗ ਸਿੰਘ

ਇਕ ਨਿਹੰਗ ਸਿੰਘ ਜੋ ਮੋਨਧਾਰੀ ਹੋ ਗਿਆ ਤੇ ਸੰਸਾਰ ਛੱਡ ਕੇ ਕਿਨਾਰਾ ਕਰ ਗਿਆ । ਨਾ ਉਹ ਕਿਸੇ ਤੋਂ ਕੁਝ ਮੰਗਦਾ ਤੇ ਨਾ ਹੀ ਕਿਸੇ ਸ਼ੈਅ ਦੀ ਕੋਈ ਇੱਛਾ ਹੀ ਰੱਖਦਾ । ਜਦੋਂ ਕਦੀ ਅੰਨ ਮਿਲ ਜਾਂਦਾ ਤਾਂ ਖਾ ਲੈਂਦਾ ਨਹੀਂ ਤਾਂ ਕਈ ਕਈ ਦਿਨ ਉਹ ਫਾਕੇ ਮਸਤ ਹੀ ਰਹਿੰਦਾ । ਕਨਿੰਘਮ ਸਾਹਿਬ ਨੂੰ ਉਸ ਦੀ ਇਸ ਬਿਰਤੀ ਦੀ ਖ਼ਬਰ ਉਦੋਂ ਮਿਲੀ ਜਦੋਂ ਉਹ ਇਕ ਘਣੇ ਜੰਗਲ ਵਿਚੋਂ ਚੌੜੀ ਸੜਕ ਪੁੱਟ ਰਿਹਾ ਸੀ । ਉਸ ਸਿੰਘ ਨੂੰ ਸੜਕ ਪੁੱਟਦਾ ਦੇਖ ਕੇ ਕਨਿੰਘਮ ਸਾਹਿਬ ਹੈਰਾਨ ਹੋਇਆ ਤੇ ਉਸ ਨੇ ਆਪਣੇ ਦਿਲ ਵਿਚ ਸੋਚਿਆ ਕਿ ਇਹ ਸਿੰਘ ਇਕ ਵਿਰੱਕਤ ਸਿੰਘ ਹੁੰਦਾ ਹੋਇਆ ਵੀ ਮਜ਼ਦੂਰਾਂ ਵਾਂਗ ਸੜਕ ਕਿਉਂ ਪੁੱਟ ਰਿਹਾ ਹੈ । ਆਪਣੇ ਹਿਰਦੇ ਦੀ ਇਹ ਸ਼ੰਕਾ ਦੂਰ ਕਰਨ ਲਈ ਉਸ ਨੇ ਸਿੰਘ ਨੂੰ ਪੁੱਛਿਆ ਕਿ ਤੁਸੀਂ ਜਦੋਂ ਵਿਰੱਕਤ ਸਿੰਘ ਹੋ ਚੁੱਕੇ ਹੋ ਫੇਰ ਤੁਹਾਨੂੰ ਹੋਰਨਾਂ ਲੋਕਾਂ ਲਈ ਮਜ਼ਦੂਰਾਂ ਵਾਲੀਆਂ ਕਰੜੀਆਂ ਸਰੀਰਕ ਘਾਲਣਾਂ ਘਾਲਣ ਦੀ ਕੀ ਲੋੜ ਹੈ ?

ਸਾਹਿਬ ਦੇ ਇਸ ਪ੍ਰਸ਼ਨ ਉੱਤੇ ਸਿੰਘ ਚੁੱਪ ਰਿਹਾ, ਪਰ ਸਾਹਿਬ ਦੇ ਹਿਰਦੇ ਵਿਚ ਬੜੀ ਭਾਰੀ ਹੈਰਾਨੀ ਪੈਦਾ ਹੋਈ ਸੀ ਜਿਸ ਨੂੰ ਉਹ ਦੂਰ ਕਰਨਾ ਚਾਹੁੰਦਾ ਸੀ । ਇਸ ਲਈ ਸਾਹਿਬ ਨੇ ਉੱਤਰ ਦੇਣ ਦੀ ਫਿਰ ਬੇਨਤੀ ਕੀਤੀ । ਸਿੰਘ ਨੇ ਉੱਤਰ ਦਿੱਤਾ ਕਿ ਉਸ ਨੂੰ ਕਿਸੇ ਸ਼ੈਅ ਦੀ ਲੋੜ ਨਹੀਂ ਹੈ ਤੇ ਉਹ ਇੱਥੋਂ ਤਕ ਕਿ ਸੰਸਾਰਕ ਲੋੜਾਂ ਤੋਂ ਬੇਪਰਵਾਹ ਹੈ ਕਿ ਰੋਟੀ ਨਾ ਮਿਲਣ ਉੱਤੇ ਆਪਣਾ ਨਿਰਬਾਹ ਵੀ ਉਹ ਜੜ੍ਹ ਅਥਵਾ ਜੰਗਲੀ ਫਲ ਖਾ ਕੇ ਹੀ ਕਰ ਲੈਂਦਾ ਹੈ । ਸੜਕ ਉਹ ਇਸ ਲਈ ਪੁੱਟ ਰਿਹਾ ਹੈ ਕਿਉਂਕਿ ਏਧਰ ਇਕ ਭਾਰੀ ਨਗਰ ਵੱਸਦਾ ਹੈ ਜਿਸਦਾ ਰਸਤਾ ਇਸ ਜੰਗਲ ਵਿਚੋਂ ਪਗਡੰਡੀਆਂ ਦਾ ਹੈ । ਰਾਹੀ ਲੋਕਾਂ ਨੂੰ ਇਸ ਘਣੇ ਜੰਗਲ ਵਿਚ ਜੰਗਲੀ ਜਨੌਰਾਂ ਤੇ ਧਾੜਵੀ ਬੰਦਿਆਂ ਤੋਂ ਬਹੁਤ ਦੁੱਖ ਪੁੱਜਦਾ ਹੈ ।

ਇਸ ਲਈ ਜੇਕਰ ਇਸ ਥਾਂ ਉੱਤੇ ਇਕ ਸੜਕ ਬਣਾ ਦਿੱਤੀ ਜਾਵੇ ਤਾਂ ਉਸ ਦਾ ਇਲਾਕੇ ਦੀ ਜਨਤਾ ਨੂੰ ਬੜਾ ਸੁੱਖ ਹੋਵੇਗਾ । ਸਪੱਸ਼ਟ ਹੈ ਕਿ ਸਿੰਘ ਜੀ ਦਾ ਇਹ ਵਿਸ਼ਵਾਸ ਨਹੀਂ ਸੀ ਕਿ ਵਿਰੱਕਤਾਂ ਨੂੰ ਦੁਨੀਆਂ ਤੋਂ ਅਲੱਗ ਹੋ ਜਾਣਾ ਚਾਹੀਦਾ ਹੈ ਸਗੋਂ ਸੇਵਕ ਹੋ ਕੇ ਵਿਚਰਨਾ ਚਾਹੀਦਾ ਹੈ । ਸਿੰਘ ਦੀ ਸਹੀ ਵਿਚਾਰਧਾਰਾ ਨੂੰ ਸਮਝਦਿਆਂ ਹੋਇਆਂ ਕਿਸੇ ਨੇ ਕੋਲੋਂ ਕਿਹਾ ਕਿ ਜਦੋਂ ਉਹ ਸੰਸਾਰ ਤੋਂ ਵਿਰੱਕਤ ਹੀ ਹੋ ਗਿਆ ਹੈ ਤਾਂ ਉਸ ਨੂੰ ਇਹ ਸੜਕ ਪੁੱਟਣ ਦਾ ਕਠਿਨ ਕੰਮ ਕਰਨ ਦੀ ਕੀ ਲੋੜ ਹੈ, ਜਿਸ ਦੀ ਕਰੜੀ ਸਰੀਰਕ ਮਿਹਨਤ ਕਰਕੇ ਉਸ ਦੇ ਸਿਰ ਤੋਂ ਪੈਰਾਂ ਤਕ ਮੁੜ੍ਹਕਾ ਵੀ ਵਗ ਰਿਹਾ ਹੈ? ਉਹ ਸਰਦੀਆਂ ਦੀ ਰੁੱਤ ਵਿਚ ਸਰਦੀ ਤੇ ਗਰਮੀਆਂ ਦੀ ਰੁੱਤੇ ਧੁੱਪ ਦੀਆਂ ਤਕਲੀਫ਼ਾਂ ਕਿਉਂ ਭੋਗਦਾ ਰਹਿੰਦਾ ਹੈ ? ਸੱਚਮੁੱਚ ਉਹ ਭੋਲਾ ਹੈ ਜਿਸ ਨੂੰ ਇਹ ਵੀ ਪਤਾ ਨਹੀਂ ਕਿ ਉਸ ਦੀਆਂ ਕਰੜੀਆਂ ਸਰੀਰਕ ਘਾਲਣਾਂ ਦੇ ਬਾਵਜੂਦ ਵੀ ਉਸ ਨੂੰ ਕਿਸੇ ਨੇ ਸ਼ਾਬਾਸ਼ ਵੀ ਨਹੀਂ ਆਖਣੀ । ਨਿਹੰਗ ਸਿੰਘ ਨੇ ਹੱਸ ਕੇ ਕਿਹਾ ਕਿ ਕਿਸੇ ਮਨੁੱਖ ਦੀ ਸ਼ਾਬਾਸ਼ ਦੀ ਇੱਛਾ ਤਾਂ ਕਿਤੇ ਰਹੀ ਉਹ ਇਸ ਕੰਮ ਨੂੰ ਕੋਈ ਅਖੌਤੀ ਪੁੰਨ ਸਮਝ ਕੇ ਵੀ ਨਹੀਂ ਕਰ ਰਿਹਾ । ਉਸ ਨੂੰ ਅਕਾਲ ਪੁਰਖ ਨੇ ਮਨੁੱਖਾ ਦੇਹੀ ਦਿੱਤੀ ਹੈ ਤੇ ਹੁਣ ਗੁਰੂ ਦੀ ਸਿੱਖਿਆ ਤੇ ਕਿਰਪਾ ਨਾਲ ਉਹ ਸੰਸਾਰ-ਸੇਵਾ ਦੁਆਰਾ ਉਸ ਅਕਾਲ ਪੁਰਖ ਨੂੰ ਯਾਦ ਰੱਖਣ ਵਿਚ ਆਪਣੇ ਮਨ ਨੂੰ ਜੋੜਦਾ ਹੈ । ਜੇਕਰ ਉਹ ਕੋਈ ਕੰਮ ਸੰਸਾਰ ਸੇਵਾ ਦਾ ਨਾ ਕਰੇ ਤਾਂ ਫੇਰ ਉਹ ਮਨੁੱਖ ਨਹੀਂ ਕੀੜਿਆਂ ਮਕੌੜਿਆਂ ਵਰਗਾ ਹੀ ਹੋਵੇਗਾ । ਬੇਮਨੋਰਥੇ ਢੰਗ ਨਾਲ ਜੀਵਨ ਜੀਅ ਕੇ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਇਸ ਦੇਹੀ ਦੀ ਸਫਲਤਾ ਨਹੀਂ ਹੋਵੇਗੀ । ਸੋ ਆਪਣੀ ਇਸ ਦੇਹੀ ਨੂੰ ਸਫਲ ਕਰਨ ਲਈ ਹੀ ਉਹ ਇਹ ਸਰੀਰਕ ਘਾਲਾਂ ਘਾਲ ਰਿਹਾ ਹੈ ਤਾਂ ਜੋ ਉਹ ਜਨਤਾ ਦੇ ਸੁੱਖਾਂ ਦਾ ਇਕ ਸਾਧਨ ਬਣ ਸਕੇ । ਉਸ ਨੂੰ ਆਪਣੀ ਵਡਿਆਈ ਜਾਂ ਪ੍ਰਸਿੱਧੀ ਆਦਿ ਦੀ ਕੋਈ ਇੱਛਾ ਨਹੀਂ । (ਸਪਤਾਹਿਕ



ਪੱਤਰ 'ਖ਼ਾਲਸਾ ਸਮਾਚਾਰ' ਅੰਮ੍ਰਿਤਸਰ)

ਕਨਿੰਘਮ ਸਾਹਿਬ ਇਕ ਅੰਗਰੇਜ਼ ਇੰਜੀਨੀਅਰ ਸੀ, ਜਿਹੜਾ ਲੁਧਿਆਣਾ ਵਿਖੇ ਅੰਗਰੇਜ਼ੀ ਸਰਕਾਰ ਵੱਲੋਂ ਐਸਿਸਟੈਂਟ ਪੋਲੀਟੀਕਲ ਏਜੰਟ ਨਿਯਤ ਸੀ । ਇਹ ਸਿੱਖਾਂ ਤੇ ਅੰਗਰਜ਼ਾਂ ਦੀ ਪਹਿਲੀ ਜੰਗ ਵਿਚ ਸ਼ਾਮਲ ਹੋਇਆ ਤੇ ਬੱਦੋਵਾਲ, ਮੁਦਕੀ ਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਵੀ ਸ਼ਾਮਲ ਹੋਇਆ ਸੀ । ੧੮੪੬ ਵਿਚ ਇਸ ਨੂੰ ਪੂਰੇ ਪੋਲੀਟੀਕਲ ਏਜੰਟ ਦੇ ਤੌਰ 'ਤੇ ਭੂਪਾਲ ਬਦਲ ਦਿੱਤਾ ਗਿਆ ਸੀ । ਉੱਥੇ ਜਾ ਕੇ ਉਸ ਨੇ ਇਕ ਅੰਗਰੇਜ਼ੀ ਪੁਸਤਕ ਲਿਖੀ ਸੀ ਜਿਸ ਦਾ ਨਾਮ 'A History of the Sikhs' "ਸਿੱਖਾਂ ਦਾ ਇਕ ਇਤਿਹਾਸ" ਸੀ । ਉਸ ਪੁਸਤਕ ਵਿਚ ਉਸ ਨੇ ਲਿਖ ਦਿੱਤਾ ਕਿ ਸਿੱਖ ਬੜੇ ਸੂਰਮੇ ਤੇ ਜੰਗ ਦੇ ਯੋਧੇ ਹਨ ਤੇ ਇਹਨਾਂ ਦੇ ਹਾਰਨ ਦਾ ਕਾਰਣ ਇਹ ਸੀ ਕਿ ਇਹਨਾਂ ਦੇ ਦੋ ਫ਼ੌਜੀ ਜਰਨੈਲ ਅਸਾਂ (ਅੰਗਰੇਜ਼ਾਂ ਨੇ) ਖ਼ਰੀਦ ਲਏ ਸਨ । ਜਦੋਂ ਇਹ ਪੁਸਤਕ ਛਪੀ ਤਾਂ ਅੰਗਰੇਜ਼ ਸਰਕਾਰ ਇਸ ਦੇ ਨਾਲ ਇਸ ਗੱਲ ਤੋਂ ਨਾਰਾਜ਼ ਹੋ ਗਈ ਕਿ ਇਸ ਨੇ ਉਹ ਖ਼ੁਫ਼ੀਆ ਸਰਕਾਰੀ ਭੇਦ ਕਿਉਂ ਆਪਣੀ ਪੁਸਤਕ ਵਿਚ ਲਿਖੇ ਜਿਹੜੇ ਇਸਦੇ ਪਾਸ ਇਕ ਸਰਕਾਰੀ ਨੌਕਰ ਹੋਣ ਦੀ ਹੈਸੀਅਤ ਵਿਚ ਸਨ । ਕਨਿੰਘਮ ਸਾਹਿਬ ਦੇ ਇਸ ਅਪਰਾਧ ਕਾਰਨ ਅੰਗਰੇਜ਼ੀ ਸਰਕਾਰ ਨੇ ਉਸਨੂੰ ਸਰਕਾਰੀ ਰਾਜਸੀ ਮਹਿਕਮੇ ਦੀ ਨੌਕਰੀ ਤੋਂ ਹਟਾ ਕੇ ਇਸ ਦੀ ਨਿਰੀ ਇੰਜੀਨੀਅਰ ਦੀ ਨੌਕਰੀ ਹੀ ਰਹਿਣ ਦਿੱਤੀ । ਇਸ ਗੱਲ ਦੇ ਸਦਮੇ ਨਾਲ ਕਨਿੰਘਮ ਸਾਹਿਬ ਦਾ ਦਿਲ ਟੁੱਟ ਗਿਆ ਤੇ ਉਹ ਟੁੱਟੇ ਹੋਏ ਦਿਲ ਨਾਲ ਆਪਣੀ ਜਵਾਨੀ ਵਿਚ ਹੀ ਮਰ ਗਿਆ । ਹੇਠ ਲਿਖਿਆ ਲੇਖ ਕਨਿੰਘਮ ਸਾਹਿਬ ਦੀ ਲਿਖੀ ਹੋਈ ਪੁਸਤਕ "ਸਿੱਖਾਂ ਦਾ ਇਕ ਇਤਿਹਾਸ" ਵਿਚੋਂ ਤਰਜਮਾ ਕਰਕੇ ਲਿਆ ਗਿਆ ਹੈ ।

# ਅਕਾਲੀ ਸਿੰਘਾਂ ਦੀ ਸੰਪਰਦਾ

ਇਸ ਗੱਲ ਲਈ ਕਿ ਹਰ ਸਿੱਖ ਨੂੰ ਦਸਾਂ ਨਹੁੰਆਂ ਨਾਲ ਕਿਰਤ ਕਰਨੀ ਤੇ ਕੋਈ ਨਾ ਕੋਈ ਕਿਰਤ ਦਾ ਕਾਰ-ਵਿਵਹਾਰ (ਧੰਦਾ) ਅਖ਼ਤਿਆਰ ਕਰਨਾ ਜ਼ਰੂਰੀ ਹੈ । ਅਕਾਲੀ ਸਿੰਘਾਂ ਦੇ ਹਿਰਦਿਆਂ ਅੰਦਰ ਐਨਾ ਜ਼ਬਰਦਸਤ ਅਹਿਸਾਸ ਸੀ ਕਿ ਹਰ ਅਜਿਹਾ ਸਿੱਖ ਭੀ ਜਿਹੜਾ ਘਰ-ਘਾਟ ਦੇ ਬੰਧਨਾਂ ਨੂੰ ਤੋੜ ਕੇ ਵਿਰੱਕਤ (ਬਿਹੰਗਮ) ਹੋ ਜਾਂਦਾ ਸੀ, ਤੇ ਜਿਸ ਦੀ ਰੁਚੀ ਜੰਗ ਕਰਨ ਵਿਚ ਘੱਟ ਹੁੰਦੀ ਸੀ ਉਹ ਵੀ ਹੱਥਾਂ ਦੀ ਸੇਵਾ ਤੋਂ ਕਦੇ ਕਿਸੇ ਵੇਲੇ ਵਿਹਲਾ ਨਹੀਂ ਰਹਿੰਦਾ ਸੀ । ਅਜਿਹਾ ਸਿੱਖ ਕੌਮ ਦੇ ਸਾਂਝੇ ਭਲੇ ਵਾਸਤੇ ਕਿਸੇ ਢੰਗ ਨਾਲ ਆਪਣੇ ਆਪ ਨੂੰ ਹੱਥਾਂ ਦੀ ਸੇਵਾ ਦੇ ਕਿਸੇ ਕੰਮ-ਕਾਰ ਵਿਚ ਲਾ ਛੱਡਦਾ ਸੀ ।

ਕਨਿੰਘਮ ਸਾਹਿਬ ਲਿਖਦੇ ਹਨ ਕਿ ਇਸ ਤਰ੍ਹਾਂ ਨਾਲ ਮੈਂ ਇਕ ਵਾਰੀ ਇਕ ਅਕਾਲੀ ਸਿੰਘਾਂ ਦੇ ਦਰਸ਼ਨ ਕੀਤੇ ਜਿਹੜਾ ਇਕ ਸੜਕ ਦੀ ਇਸ ਤਰ੍ਹਾਂ ਰੀਝ ਨਾਲ ਮੁਰੰਮਤ ਕਰ ਰਿਹਾ ਸੀ ਜਿਵੇਂ ਕਿ ਸੜਕ ਨਵੇਂ ਸਿਰਿਉਂ ਬਣਾਉਣੀ ਹੋਵੇ । ਇਸ ਸੜਕ ਨੂੰ ਉਹ ਅਕਾਲੀ ਸਿੰਘ ਸਤਲੁਜ ਦਰਿਆ ਦੇ ਮੈਦਾਨ ਤੋਂ ਆਰੰਭ ਕਰ ਕੇ ਕੀਰਤਪੁਰ ਦੇ ਸੋਹਣੇ ਕਸਬੇ ਨੂੰ ਕੱਢੀ ਲਈ ਜਾ ਰਿਹਾ ਸੀ । ਇਹ ਸੜਕ ਉੱਚੇ ਨੀਵੇਂ ਢਾਲੂ ਪਹਾੜੀ ਨਾਲਿਆਂ ਵਿਚੋਂ ਦੀ ਜਾ ਰਹੀ ਸੀ । ਉਹ ਅਕਾਲੀ ਸਿੰਘ ਵਿਰੱਕਤ ਹੋਣ ਕਰਕੇ ਸੰਸਾਰ ਦੇ ਨਰ-ਨਾਰੀਆਂ ਨੂੰ ਆਪਣੇ ਨਾਲ ਕਿਸੇ ਪ੍ਰਕਾਰ ਦਾ ਮੇਲ-ਮਿਲਾਪ ਜਾਂ ਸੰਬੰਧ ਰੱਖਣ ਦੀ ਆਗਿਆ ਨਹੀਂ ਸੀ ਦਿੰਦਾ । ਉਸ ਦੇ ਇਲਾਕੇ ਦੇ ਲੋਕੀਂ ਉਸ ਦਾ ਡੂੰਘਾ ਸਤਿਕਾਰ ਕਰਦੇ ਸਨ, ਜਿਹੜੇ ਉਸ ਦੀ ਗੁਜ਼ਰਾਨ ਲਈ ਰੋਟੀ-ਪਾਣੀ ਤੇ ਬਸਤਰ ਉਸ ਦੇ ਕਹੇ ਅਨੁਸਾਰ ਮਿਥੇ ਹੋਏ ਥਾਵਾਂ ਉੱਤੇ ਹਾਜ਼ਰ ਕਰ ਦਿੱਤਾ ਕਰਦੇ ਸਨ । ਕਨਿੰਘਮ ਸਾਹਿਬ ਨੇ ਲਿਖਿਆ ਹੈ ਕਿ ਉਹ ਅਕਾਲੀ ਸਿੰਘਾਂ ਦੀਆਂ ਕਰੜੀਆਂ ਤੇ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਸੇਵਾ ਦੀਆਂ ਘਾਲਾਂ,



ਜਿਨ੍ਹਾਂ ਘਾਲਾਂ ਨੂੰ ਉਹ ਮਨੁੱਖਤਾ ਦੀ ਭਲਾਈ ਲਈ ਆਪਣੀ ਆਤਮਾ ਤੋਂ ਸੱਚੀ ਪ੍ਰੇਰਨਾ ਲੈ ਕੇ ਦਿਨ ਰਾਤ ਘਾਲਦਾ ਰਹਿੰਦਾ ਸੀ ਉਸ ਦੇ ਦਰਸ਼ਨ ਕਰਨ ਵਾਲੇ ਲੋਕਾਂ ਦੇ ਹਿਰਦਿਆਂ ਉੱਤੇ ਉਸ ਦੀ ਸ਼ਖ਼ਸੀਅਤ ਤੇ ਉਸ ਦੇ ਕਰਮ ਦੀ ਛਾਪ ਉੱਕਰ ਰਹੀਆਂ ਸਨ । ਇਸ ਗੱਲ ਦਾ ਇਕ ਪ੍ਰਤੱਖ ਸਰੂਪ ਕਨਿੰਘਮ ਸਾਹਿਬ ਨੇ ਆਪਣੀਆਂ ਅੱਖਾਂ ਨਾਲ ਇਹ ਦੇਖਿਆ ਕਿ ਉਸ ਅਕਾਲੀ ਸਿੰਘ ਦੇ ਲਾਗੇ ਹੀ ਇਕ ਹਿੰਦੂ ਮੁੰਡਾ ਜਿਹੜਾ ਆਪਣੀਆਂ ਭੇਡਾਂ ਤੇ ਬੱਕਰੀਆਂ ਚਾਰ ਰਿਹਾ ਸੀ, ਅਕਾਲੀ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰੇਰਨਾ ਲੈਂਦਾ ਹੋਇਆ ਉਸ ਦੇ ਧਾਰਮਿਕ ਪ੍ਰਭਾਵ ਨੂੰ ਕਬੂਲ ਕਰ ਰਿਹਾ ਸੀ । ਉਸ ਲੜਕੇ ਨੇ ਅਕਾਲੀ ਸਿੰਘ ਬਾਰੇ ਕਨਿੰਘਮ ਸਾਹਿਬ ਨਾਲ ਗੱਲਾਂ ਕਰਦਿਆਂ ਹੋਇਆਂ ਸਿੰਘ ਜੀ ਲਈ ਆਪਣਾ ਭੈ ਭਰਿਆ ਸਤਿਕਾਰ ਪ੍ਰਗਟ ਕੀਤਾ । ਕਨਿੰਘਮ ਸਾਹਿਬ ਨੂੰ ਉਸ ਲੜਕੇ ਦੇ ਸਰੀਰ ਦੇ ਪਹਿਰਾਵੇ ਵਿਚ ਸਿੱਖ-ਰਹਿਤ ਦੀਆਂ ਕੁਝ ਨਿਸ਼ਾਨੀਆਂ ਦਿੱਸੀਆਂ ਸਨ । ਇਨ੍ਹਾਂ ਨਿਸ਼ਾਨੀਆਂ ਦਾ ਸਾਹਿਬ ਨੇ ਆਪਣੀ ਲਿਖਤ ਵਿਚ ਚਰਚਾ ਤਾਂ ਨਹੀਂ ਕੀਤਾ ਪਰ ਇਹ ਨਿਸ਼ਾਨੀਆਂ ਕਛਹਿਰਾ, ਕੜਾ ਤੇ ਕਮਰਕੱਸਾ ਹੀ ਹੋ ਸਕਦੀਆਂ ਹਨ ।

# ਜਪੁ ਜੀ ਸਾਹਿਬ ਦਾ ਪਾਠ ਕਰਨ ਤੇ ਗੁਰੂ ਕੇ ਲੰਗਰ ਦੇ ਭਾਂਡੇ ਮਾਂਜਣ ਦੀ ਮਹੱਤਤਾ

ਗੁਰੂ ਸਾਹਿਬਾਨ ਐਸੇ ਬੰਦੇ ਨਹੀਂ ਲੱਭਿਆ ਕਰਦੇ ਸਨ ਜਿਨ੍ਹਾਂ ਦਾ ਰਾਜਸੀ ਪ੍ਰਤਾਪ ਹੋਵੇ ਜਾਂ ਜਿਨ੍ਹਾਂ ਪਾਸ ਮਾਇਆ ਬਹੁਤੀ ਹੋਵੇ । ਉਹ ਬੇਗ਼ਰਜ ਸੇਵਕ ਲੱਭਦੇ ਸਨ ਜਾਂ ਅਜਿਹੇ ਸੇਵਕਾਂ ਨੂੰ ਉਹ ਆਪ ਤਿਆਰ ਕਰ ਲੈਂਦੇ ਸਨ । ਜਦ (ਗੁਰੂ) ਅਮਰਦਾਸ ਜੀ ਪਹਿਲੀ ਵਾਰ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ ਗੁਰੂ ਜੀ ਨੂੰ ਦਿਸ ਪਿਆ ਕਿ ਕੁਦਰਤ ਨੇ ਇਕ ਸੱਚੇ ਸੇਵਕ ਨੂੰ ਉਨ੍ਹਾਂ ਪਾਸ ਭੇਜ ਦਿੱਤਾ ਹੈ ਜਿਸ ਦੇ ਸਪੁਰਦ 'ਸਿੱਖੀ ਲਹਿਰ' ਜਾਂ 'ਗੁਰਸਿੱਖੀ ਲਹਿਰ' ਕੀਤੀ ਜਾ ਸਕੇਗੀ । ਪ੍ਰੰਤੂ ਪਹਿਲਾਂ ਉਹ ਉਹਨਾਂ ਨੂੰ ਪੂਰੇ ਗੁਰਮੁੱਖ ਬਣਾਉਣਾ ਚਾਹੁੰਦੇ ਸਨ । ਇਸ ਲਈ ਉਹਨਾਂ ਨੂੰ ਪਹਿਲੀ ਸਿੱਖਿਆ ਇਹ ਦਿੱਤੀ ਗਈ ਕਿ ਉਹ ਨਿਤਾਪ੍ਰਤੀ ਜਪੁ ਜੀ ਸਾਹਿਬ ਪੜ੍ਹ ਕੇ ਗੁਰਮਤਿ ਵਿਚਾਰਧਾਰਾ ਨੂੰ ਸਮਝਣਗੇ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਉਣਗੇ ਅਤੇ ਲੰਗਰ ਦੇ ਭਾਂਡੇ ਮਾਂਜ ਕੇ ਅਮਲੀ ਤੌਰ 'ਤੇ ਭਾਰੇ ਗਉਰੇ ਬਣਨਗੇ । ਭਾਂਡੇ ਮਾਂਜਣ ਵਾਲਿਆਂ ਦੀ ਉਹਨਾਂ ਪਾਸ ਕੋਈ ਥੁੜ੍ਹ ਨਹੀਂ ਸੀ, ਪਰ ਉਹ ਇਹ ਚਾਹੁੰਦੇ ਸਨ ਕਿ ਜਿਸ ਪੁਰਸ਼ ਨੇ ਸਿੱਖੀ ਲਹਿਰ ਨੂੰ ਅਗ੍ਹਾਂ ਤੋਰਨ ਦਾ ਮੋਢੀ ਬਣਨਾ ਹੈ ਉਹ ਪਹਿਲਾਂ ਆਪ ਹਰ ਤਰ੍ਹਾਂ ਸੰਪੂਰਨ ਹੋਵੇ । ਭਾਂਡੇ ਮਾਂਜ ਕੇ ਅਤਿ ਨਿਮਰਤਾ ਤੇ ਗ਼ਰੀਬੀ ਘਰ ਵਿਚ ਆਵੇ ਅਤੇ ਆਪਣੇ ਅੰਦਰ ਦੀ ਸਾਰੀ ਮੈਲ ਧੋ ਦੇਵੇ ਤੇ ਇਸ ਤਰ੍ਹਾਂ ਸਾਰੇ ਸੰਸਾਰ ਦੀ ਮਲ ਮੈਲ ਧੋਣ ਦੀ ਸਮਰੱਥਾ ਪ੍ਰਾਪਤ ਕਰੇ ।

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥**
**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥**
**(ਅੰਗ ੯੬੫)**



ਅਰਥਾਤ—ਇਹ ਜੀਵ ਹੋਰ ਤਾਂ ਸਾਰੇ ਆਹਰਾਂ ਵਿਚ ਲੱਗਾ ਰਹਿੰਦਾ ਹੈ, ਪਰ ਇਸ ਤੋਂ ਇਕ ਸੱਚਾ ਆਹਰ, ਰੱਬ ਦੇ ਰਾਹ ਦਾ ਆਹਰ ਰੱਬ ਦੇ ਕੰਮੀਂ ਲੱਗਣਾ, (ਸੱਚੇ ਸੌਦੇ ਕਰਨਾ) ਨਹੀਂ ਹੁੰਦਾ । ਹੇ ਨਾਨਕ ! ਰੱਬ ਦੇ ਰਾਹ ਦਾ ਆਹਰ ਐਸਾ ਹੈ ਕਿ ਇਸ ਨਾਲ ਸਾਰਾ ਜਗਤ ਤਰ ਨਿਕਲਦਾ ਹੈ, ਪਰ ਅਫ਼ਸੋਸ ਕਿ ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ ।

ਵਾਹਿਗੁਰੂ ਦੀ ਮੇਰੇ 'ਤੇ ਅਪਾਰ ਕ੍ਰਿਪਾ ਹੋਈ ਹੈ ਕਿ ਇਸ ਉਮਰ ਦੇ ੨੦ਵੇਂ ਸਾਲ ਸੰਨ ੧੯੨੪ ਤੋਂ ਲੈ ਕੇ ਸੰਨ ੧੯੪੭ ਦੀ ੪੩ ਸਾਲ ਦੀ ਉਮਰ ਤਕ, ਦੇਸ਼ ਦੀ ਵੰਡ ਤੋਂ ਪਹਿਲਾਂ ੨੪ ਸਾਲ ਦਾ ਸਮਾਂ, ਮੈਨੂੰ ਸਿੱਖ ਪੰਥ ਦੇ ਇਕ ਮਹਾਨ ਗੁਰਦੁਆਰੇ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਛਤਰ-ਛਾਇਆ ਹੇਠ ਦੇਸ਼-ਸੇਵਾ, ਸਮਾਜ-ਸੇਵਾ ਤੇ ਪ੍ਰਾਣੀ-ਮਾਤਰ ਦੀ ਸੇਵਾ ਵਿਚ ਜੀਵਨ ਗੁਜ਼ਾਰਨਾ ਪਿਆ । ਲਾਹੌਰ ਸ਼ਹਿਰ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ੨੯ ਜ਼ਿਲ੍ਹਿਆਂ ਦੇ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ ਤੇ ਡੇਹਰਾ ਸਾਹਿਬ, ਲਾਹੌਰ ਸ਼ਹਿਰ ਦਾ ਸਭ ਤੋਂ ਵੱਡਾ ਤੇ ਕੇਂਦਰੀ ਗੁਰਦੁਆਰਾ ਸੀ । ਬੜੇ-ਬੜੇ ਪ੍ਰਸਿੱਧ ਕਥਾ-ਵਾਚਕ ਤੇ ਪ੍ਰਸਿੱਧ ਗਿਆਨੀ ਗੁਰਦੁਆਰਾ ਵਿਖੇ ਕਥਾ ਕਰਨ ਤੇ ਵਿਆਖਿਆਨ ਦੇਣ ਆਇਆ ਕਰਦੇ ਸਨ । ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਣਗਿਣਤ ਸ਼ਬਦ, ਗੁਰੂ ਘਰ ਦੀਆਂ ਅਨੇਕਾਂ ਸਾਖੀਆਂ ਅਤੇ ਭਾਈ ਗੁਰਦਾਸ ਜੀ ਦੀਆਂ ਅਨੇਕਾਂ ਵਾਰਾਂ ਮੈਨੂੰ ਯਾਦ ਹੋ ਗਈਆਂ । ਆਪਣੀ ਉਸ ਪੂੰਜੀ ਵਿਚੋਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦ, ਗੁਰੂ-ਘਰ ਦੀਆਂ ਕੁਝ ਸਾਖੀਆਂ ਅਤੇ ਭਾਈ ਗੁਰਦਾਸ ਜੀ ਦੀਆਂ ਕੁਝ ਪੌੜੀਆਂ ਨੂੰ ਵੱਡੇ ਆਕਾਰ ਦੀ ਪੁਸਤਕ ਵਿਚ ਛਾਪ ਰਿਹਾ ਹਾਂ । ਇਹ ਛੋਟਾ ਕਿਤਾਬਚਾ ਹੈ, ਜਿਸ ਨੂੰ ਲੱਖਾਂ ਦੀ ਗਿਣਤੀ ਵਿਚ ਵੰਡ ਕੇ ਮੈਂ ਆਪਣੇ ਸਿਰ ਤੋਂ ਗੁਰੂ ਦੇ ਚੜ੍ਹੇ ਕਰਜ਼ੇ ਉਤਾਰ ਰਿਹਾ ਹਾਂ । —●—

## ਗੁਰੂ ਕੇ ਲੰਗਰ ਦੀ ਮਹਾਨਤਾ

ਸਿੱਖ ਗੁਰੂ ਸਾਹਿਬਾਨ ਨੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਉਹਨਾਂ ਵੱਲੋਂ ਦੱਸੇ ਗਏ ਮਾਨਵ ਜਾਤੀ ਦੀ ਏਕਤਾ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸੰਗਤ ਦੀ ਏਕਤਾ ਨੂੰ ਬੇਹੱਦ ਜ਼ਰੂਰੀ ਸਮਝਿਆ ਸੀ ਤਾਂ ਜੋ ਏਕਤਾ ਦੀ ਤਾਲੀਮ ਜੀਵਨ ਵਿਚ ਪੱਕੀ ਹੋ ਕੇ ਸਾਰੇ ਜੀਵਨ ਨੂੰ ਇਸੇ ਰੰਗ ਵਿਚ ਰੰਗ ਦੇਵੇ । ਇਹ ਇਸ ਹੱਦ ਤਕ ਲਿਜਾਈ ਗਈ ਸੀ ਕਿ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਕਿ ਕੋਈ ਵੀ ਪੁਰਸ਼ ਉਹਨਾਂ ਨੂੰ ਮਿਲਣ ਆਵੇ ਉਹ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕੇ । ਅਕਬਰ ਬਾਦਸ਼ਾਹ ਨੂੰ ਵੀ ਇਕ ਸਮੇਂ ਇਸੇ ਨਿਯਮ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ ਸੀ ਜੋ ਉਨ੍ਹਾਂ ਪ੍ਰਵਾਨ ਚਾੜ੍ਹੀ ਸੀ । ਲੰਗਰ ਵਿਚ ਜੇ ਸਭ ਪ੍ਰਾਣੀ-ਮਾਤਰ ਰਲ ਕੇ ਪ੍ਰਸ਼ਾਦਿ ਛਕਣ ਤਾਂ ਭਾਈਚਾਰਕ ਅਤੇ ਆਰਥਿਕ ਏਕਤਾ ਦਾ ਇਸ ਤੋਂ ਵੱਧ ਅਤੇ ਚੰਗਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ ? ਇਹੋ ਕਾਰਨ ਸੀ ਕਿ ਗੁਰੂ ਸਾਹਿਬਾਨ ਦੇ ਜੀਵਨ ਦੇ ਕਾਲਾਂ ਵਿਚ ਅਜਿਹੇ ਪੂਰਨੇ ਪੈ ਗਏ ਸਨ ਜਿਨ੍ਹਾਂ ਨਾਲ ਏਕਤਾ, ਪ੍ਰੇਮ ਤੇ ਸੇਵਾ ਦੀ ਇਕ ਲਹਿਰ ਹੀ ਚੱਲ ਪਈ ਸੀ । ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਮਹੱਤਤਾ ਨੂੰ ਵਧਾਉਣ ਲਈ ਹੀ ਇਸ ਦਾ ਪ੍ਰਬੰਧ ਆਪਣੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਕਰ ਦਿੱਤਾ ਸੀ । ਇਸ ਗੱਲ ਦੀ ਗਵਾਹੀ ਬਲਵੰਡ ਜੀ ਨੇ ਆਪਣੀ ਵਾਰ ਵਿਚ ਇਉਂ ਦਿੱਤੀ ਹੈ :-

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**

**—ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ ੯੬੭)**

ਅਰਥਾਤ—"ਖੀਵੀ ਜੀ ਵਰਗੀ ਉੱਤਮ ਸੇਵਕਾ ਦੀ ਸੰਘਣੀ ਛਾਉਂ ਸਿੱਖ ਜਗਤ ਨੂੰ ਪ੍ਰਾਪਤ ਸੀ । ਗੁਰੂ ਜੀ ਦੀ ਆਮਦਨ ਲੰਗਰ ਦੀ ਸੇਵਾ ਵਿਚ ਹੀ ਲਾ ਦਿੱਤੀ ਜਾਂਦੀ ਸੀ ਜਿੱਥੇ ਦੁੱਧ ਘਿਓ ਨਾਲ ਤਿਆਰ



ਕੀਤੀ ਅੰਮ੍ਰਿਤ ਵਰਗੀ ਖੀਰ ਵਰਤਾਈ ਜਾਂਦੀ ਸੀ ।"

ਗੁਰੂ ਦੀ ਗੋਲਕ, ਤਾਂ ਹੀ ਹਰੀ ਭਰੀ ਸਮਝਣੀ ਚਾਹੀਦੀ ਹੈ ਜੇ ਗ਼ਰੀਬ ਦਾ ਮੂੰਹ ਭਰਦੀ ਹੋਵੇ ।

ਦਸਮ ਪਾਤਿਸ਼ਾਹ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਵਰਗੀਆਂ ਵਿਦਵਾਨ ਹਸਤੀਆਂ ਨੇ ਆਪਣੇ ਹੀ ਉੱਦਮ ਨਾਲ ਆਪਣੇ ਜ਼ਿੰਮੇ ਲੰਗਰ ਦੀ ਸੇਵਾ ਚੁੱਕੀ ਹੋਈ ਸੀ । ਇਸ ਸਮੇਂ ਗੁਰੂ ਸਾਹਿਬ ਆਪ ਇਸ ਪ੍ਰਕਾਰ ਦੇ ਲੰਗਰਾਂ ਨੂੰ ਭੇਸ ਬਦਲ ਕੇ ਪਰਖਣ ਤੁਰੇ ਸਨ । ਦੂਜੇ ਦਿਨ ਆਪ ਨੇ ਸੰਗਤ ਵਿਚ ਹਾਜ਼ਰ ਹੋ ਕੇ ਉਚੇਚੇ ਤੌਰ 'ਤੇ ਸਿੱਖ ਸੰਗਤਾਂ ਨੂੰ ਦੱਸਿਆ ਸੀ ਕਿ ਭਾਈ ਸਾਹਿਬ ਨੰਦ ਲਾਲ ਜੀ ਦਾ ਲੰਗਰ ਸਭ ਤੋਂ ਵਧੀਆ ਹੈ, ਜਿੱਥੇ ਸੇਵਾ ਭਗਤੀ-ਭਾਵ ਦੇ ਜਜ਼ਬੇ ਹੇਠ ਹੁੰਦੀ ਹੈ ਤੇ ਹਰ ਸਮੇਂ ਆਏ ਯਾਤਰੂਆਂ ਦਾ ਨਿੱਘ ਨਾਲ ਸੁਆਗਤ ਕੀਤਾ ਜਾਂਦਾ ਹੈ । ਗੁਰੂ ਜੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਲੰਗਰ ਦੀ ਇਹ ਸੇਵਾ ਬੜੀ ਉੱਤਮ ਸੇਵਾ ਹੈ, ਜੇ ਇਹ ਪੂਜਾ ਦੀ ਭਾਵਨਾ ਵਿਚ ਹੋ ਕੇ ਕੀਤੀ ਜਾਵੇ । ਗੁਰੂ ਦਾ ਲੰਗਰ ਇਕ ਤਰ੍ਹਾਂ ਦੀ ਪ੍ਰਯੋਗਸ਼ਾਲਾ ਹੈ ਜਿੱਥੇ ਸੇਵਾ ਦੀ ਜਾਚ ਸਿੱਖਣੀ ਹੁੰਦੀ ਹੈ, ਤਾਂ ਜੋ ਅੰਤ ਵਿਚ ਇਸ ਨੂੰ ਸਾਰੇ ਸੰਸਾਰ ਦੀ ਸੇਵਾ ਵਿਚ ਪ੍ਰਸਾਰਿਆ ਜਾ ਸਕੇ । 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ' ਦਾ ਅਧਿਕਾਰੀ ਬਣਨਾ ਚਾਹੀਦਾ ਹੈ । ਲੰਗਰ ਦੀ ਸੇਵਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਵਿਚ ਲੱਗਾ ਪੁਰਸ਼ ਕੁਝ ਨਾ ਕੁਝ ਹੱਥੀਂ ਸੇਵਾ ਵੀ ਕਰਦਾ ਹੈ ਤੇ ਇਹ ਉਸ ਦੀ ਆਤਮਿਕ ਉਸਾਰੀ ਲਈ ਬੜੀ ਲੋੜੀਂਦੀ ਵਸਤੂ ਹੁੰਦੀ ਹੈ ਜਿਵੇਂ ਕਿ ਝਾੜੂ ਦੇਣਾ, ਜੂਠੇ ਭਾਂਡੇ ਮਾਂਜਣੇ, ਨਿਮਰਤਾ ਤੇ ਸੇਵਾ ਭਾਵ ਉਪਜਾਉਂਦੇ ਹਨ ਤੇ ਸੇਵਾ ਦੇ ਕੰਮਾਂ ਨੂੰ ਉੱਦਮ, ਉਤਸ਼ਾਹ ਤੇ ਲਗਨ ਨਾਲ ਕਰਨ ਦੀ ਆਦਤ ਪਾਉਂਦੇ ਹਨ ।

# ਜਪੁ ਜੀ ਸਾਹਿਬ ਦੀਆਂ ਲੋਰੀਆਂ ਵਿਚ ਪਲਣ ਵਾਲੇ ਮੁੱਖ ਉੱਜਲੇ ਬੱਚੇ

ਅੰਮ੍ਰਿਤ ਵੇਲੇ ਉੱਠ ਕੇ ਜਪੁ ਜੀ ਸਾਹਿਬ ਦਾ ਪਾਠ ਕਰਨ ਵਾਲੀਆਂ ਮਾਵਾਂ ਕਿਸ ਪ੍ਰਕਾਰ ਦੇ ਬੱਚਿਆਂ ਨੂੰ ਜਨਮ ਦਿੱਤਾ ਕਰਦੀਆਂ ਹਨ, ਇਸ ਗੱਲ ਦੀ ਮਿਸਾਲ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਸਨ । ਮਾਸਟਰ ਜੀ ਦਾ ਜਨਮ ਪੱਛਮੀ-ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਇਕ ਪਿੰਡ ਹਰਿਆਲ ਵਿਚ ਹੋਇਆ ਸੀ । ਆਪ ਦੇ ਮਾਤਾ ਜੀ ਅਨਪੜ੍ਹ ਸਨ । ਉਨ੍ਹਾਂ ਦੇ ਚੰਗੇ ਭਾਗਾਂ ਨੂੰ ਉਨ੍ਹਾਂ ਦੇ ਇਕ ਪਿੰਡ ਵਿਚ ਇਕ ਸਿੱਖ ਧਰਮਸ਼ਾਲਾ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ । ਪਿੰਡ ਵਿਚ ਪ੍ਰਤੀ-ਦਿਨ ਪ੍ਰਸ਼ਾਦੇ ਦੀ ਉਗਰਾਹੀ ਲਈ ਆਉਣ ਵਾਲੇ ਧਰਮਸ਼ਾਲਾ ਦੇ ਗ੍ਰੰਥੀ ਭਾਈ ਅਰਜਨ ਸਿੰਘ ਪਾਸੋਂ ਮਾਤਾ ਜੀ ਨੇ ਘਰ ਬੈਠਿਆਂ ਜਿੱਥੇ ਜਪੁ ਜੀ ਸਾਹਿਬ ਸਾਰਾ ਯਾਦ ਕੀਤਾ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦ ਵੀ ਯਾਦ ਕੀਤੇ । ਮਾਤਾ ਜੀ ਨੇ ਧਰਮਸ਼ਾਲਾ ਦੇ ਗ੍ਰੰਥੀ ਸਿੰਘ ਨੂੰ ਕਿਹਾ ਹੋਇਆ ਸੀ ਕਿ ਜਿਹੜਾ ਮੁਸਾਫ਼ਰ ਰਾਤ ਕੱਟਣ ਤੇ ਪ੍ਰਸ਼ਾਦਾ ਛਕਣ ਧਰਮਸ਼ਾਲਾ ਆਵੇ ਉਸ ਨੂੰ ਉਹ ਉਹਨਾਂ ਦੇ ਘਰ ਭੇਜ ਦਿਆ ਕਰਨ । ਮਾਤਾ ਜੀ ਮੁਸਾਫ਼ਰਾਂ ਲਈ ਆਪਣੇ ਘਰ ਵਿਚ ਬਹੁਤ ਸਾਫ਼-ਸੁਥਰੇ ਬਿਸਤਰੇ ਰੱਖਿਆ ਕਰਦੇ ਸਨ । ਪਿੰਡ ਦੇ ਮੁਸਾਫ਼ਰ ਪ੍ਰਸ਼ਾਦਾ ਵੀ ਮਾਸਟਰ ਜੀ ਦੇ ਘਰ ਛਕਿਆ ਕਰਦੇ ਸਨ ਤੇ ਸੌਂਇਆਂ ਵੀ ਉਹਨਾਂ ਦੇ ਘਰ ਹੀ ਕਰਦੇ ਸਨ । ਆਪਣੇ ਪਿੰਡਾਂ ਦੀਆਂ ਵਿਧਵਾ ਇਸਤਰੀਆਂ ਨੂੰ ਮਾਤਾ ਜੀ ਆਟੇ ਦਾਣੇ ਦੀ ਸਹਾਇਤਾ ਦਿਆ ਕਰਦੇ ਸਨ, ਪਰ ਉਸ ਸਹਾਇਤਾ ਦੇ ਬਦਲੇ ਉਹ ਉਹਨਾਂ ਪਾਸੋਂ ਕੋਈ ਕੰਮ ਨਹੀਂ ਲਿਆ ਕਰਦੇ ਸਨ; ਭਾਵੇਂ ਉਹ ਆਪਣੇ ਹੱਥਾਂ ਨਾਲ ਪ੍ਰਤੀਦਿਨ ਸਾਰੇ ਟੱਬਰ ਦਾ ਆਟਾ ਚੱਕੀ ਨਾਲ ਆਪ ਪੀਸਿਆ ਕਰਦੇ ਸਨ । ਮਾਸਟਰ ਜੀ ਦੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਦੇ ਨੌਕਰ ਹੋ ਜਾਣ ਉੱਤੇ ਉਹਨਾਂ ਦੇ ਮਾਤਾ ਜੀ



ਪਿੰਡ ਦੀਆਂ ਵਿਧਵਾ ਇਸਤਰੀਆਂ ਨੂੰ ਨਕਦ ਰੁਪਇਆਂ ਦੀ ਸਹਾਇਤਾ ਵੀ ਦੇਣ ਲੱਗ ਪਏ ਸਨ । ਉਹ ਆਪਣੇ ਬੱਚਿਆਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦਾਂ ਦਾ ਪਾਠ ਕਰਨ ਮਗਰੋਂ ਹੇਠ ਲਿਖੇ ਸ਼ਬਦ ਨੂੰ ਪੜ੍ਹ ਕੇ ਸੌਂਇਆਂ ਕਰਦੇ ਸਨ :-

**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥**

(ਅੰਗ ੮੧੯)

ਆਪਣੇ ਬੱਚਿਆਂ ਨੂੰ ਇਹ ਅੰਤਲਾ ਸ਼ਬਦ ਸੁਣਾ ਕੇ ਉਹ ਕਿਹਾ ਕਰਦੇ ਸਨ ਕਿ ਹੁਣ ਸਾਡੇ ਘਰ ਰਾਤ ਨੂੰ ਕੋਈ ਚੋਰ ਨਹੀਂ ਆਵੇਗਾ । ਭੋਲੀ ਮਾਤਾ ਨੂੰ ਕੀ ਪਤਾ ਸੀ ਕਿ ਇਸ ਸ਼ਬਦ ਦੀ ਰਾਮਕਾਰ ਬੰਦੇ ਨੂੰ ਉਨ੍ਹਾਂ ਚੋਰਾਂ ਤੋਂ ਬਚਾਉਣ ਵਾਲੀ ਹੈ, ਜਿਨ੍ਹਾਂ ਚੋਰਾਂ ਦਾ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਕੀਤਾ ਗਿਆ ਹੈ :-

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥**

ਮਾਤਾ ਜੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਜਿਸ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸ਼ਬਦ ਦਿਨ ਵਿਚ ਪੜ੍ਹੇ ਤੇ ਸੁਣੇ ਜਾਂਦੇ ਹਨ, ਜਿਸ ਘਰ ਵਿਚ ਜਪੁ ਜੀ ਸਾਹਿਬ ਦੀ ਬਾਣੀ ਦਾ ਪਾਠ ਪ੍ਰਤੀਦਿਨ ਹੁੰਦਾ ਹੈ, ਜਿਸ ਘਰ ਵਿਚ ਜਪੁ ਜੀ ਸਾਹਿਬ ਦੀਆਂ ਲੋਰੀਆਂ ਨਾਲ ਮਾਂ ਬੱਚੇ ਨੂੰ ਪਾਲਦੀ ਹੋਵੇ, ਜਿਸ ਘਰ ਤੋਂ ਵਿਧਵਾ ਇਸਤਰੀਆਂ ਨੂੰ ਆਟੇ ਦਾਣੇ ਦੀ ਤੇ ਮਾਇਆ ਦੀ ਸਹਾਇਤਾ ਮਿਲਦੀ ਹੋਵੇ, ਜਿਸ ਘਰ ਵਿਚੋਂ ਮੁਸਾਫ਼ਰਾਂ ਲਈ ਪ੍ਰਸ਼ਾਦਾ ਮਿਲਦਾ ਹੋਵੇ ਤੇ ਸੌਣ ਲਈ ਮੰਜਾ ਬਿਸਤਰਾ ਮਿਲਦਾ ਹੋਵੇ ਉਹ ਭਾਈ ਗੁਰਦਾਸ ਜੀ ਦੇ ਵਾਕ "**ਘਰਿ ਘਰਿ ਅੰਦਰਿ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ**" ਦੇ ਸੱਚੇ ਵਿਚ ਢਲਦਾ ਹੋਇਆ ਇਕ ਅਜਿਹਾ ਸੂਰਮਿਆਂ ਤੇ ਸੰਤ-ਸਿਪਾਹੀਆਂ ਨੂੰ ਪੈਦਾ ਕਰਨ ਵਾਲੀ ਅਪੂਰਵ ਉਪਜਾਊ-ਸ਼ਕਤੀ ਵਾਲਾ ਖੇਤ ਬਣ ਜਾਂਦਾ ਹੈ ਜਿਸ ਵਿਚ ਸੰਤ-ਸਿਪਾਹੀ ਜੰਮਣੇ ਹੁੰਦੇ ਹਨ—ਤੇ ਉਸ ਘਰ ਵਿਚ ਸ੍ਰੀ ਮਾਨ ਮਾਸਟਰ

ਤਾਰਾ ਸਿੰਘ ਦੇ ਰੂਪ ਵਿਚ ਦੇਸ਼ ਦਾ ਉੱਘਾ ਸੰਤ-ਸਿਪਾਹੀ ਜੰਮਿਆ ਜਿਹੜਾ ਆਪਣੇ ਉੱਚੇ ਆਚਰਣ ਨਾਲ ਆਪਣੇ ਦੇਸ਼ ਦੇ ਸੱਭਿਆਚਾਰ ਨੂੰ ਸੰਸਾਰ ਭਰ ਵਿਚ ਚਮਕਾਉਣ ਵਾਲਾ ਬਣਿਆ ।

ਹੇਠ ਲਿਖੀ ਚਿੱਠੀ ਜਿਹੜੀ ਇਕ ਨੌਜਵਾਨ ਅਮਰੀਕਨ ਇਸਤਰੀ ਨੇ ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਬਹੁਤ ਸਾਲ ਪਹਿਲਾਂ, ਜਦ ਮਾਸਟਰ ਜੀ ਭਰ ਜਵਾਨੀ ਵਿਚ ਸਨ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਉਸ ਵੇਲੇ ਦੇ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਲਿਖੀ ਸੀ । ਉਸ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਮਾਸਟਰ ਜੀ ਆਪਣੇ ਮਾਤਾ ਪਿਤਾ ਜੀ ਤੋਂ ਕੈਸੇ ਸੰਸਕਾਰ ਲੈ ਕੇ ਵੱਡੇ ਹੋਏ । ਉਸ ਬੀਬੀ ਨੇ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਲਿਖਿਆ ਸੀ ਕਿ ਮੈਂ ਬੰਬਈ ਤੋਂ ਦੋ ਦਿਨ ਤੇ ਇਕ ਰਾਤ ਵਿਚ ਰੇਲ ਦਾ ਇਕ ਸਫ਼ਰ ਤੁਹਾਡੇ ਲੀਡਰ ਮਾਸਟਰ ਤਾਰਾ ਸਿੰਘ ਦੇ ਨਾਲ ਰੇਲ ਦੇ ਇਕੋ ਡੱਬੇ ਵਿਚ ਕੀਤਾ । ਇਸ ਸਾਰੇ ਸਫ਼ਰ ਵਿਚ ਰੇਲ ਦੇ ਉਸ ਡੱਬੇ ਵਿਚ ਕੋਈ ਤੀਜਾ ਮੁਸਾਫ਼ਰ ਨਾ ਆਇਆ । ਇਤਨੇ ਵੱਡੇ ਸਫ਼ਰ ਵਿਚ ਇਹ ਦੇਖ ਕੇ ਮੈਂ ਹੈਰਾਨ ਰਹਿ ਗਈ ਕਿ ਤੁਹਾਡੇ ਲੀਡਰ ਨੇ ਇਕ ਵਾਰੀ ਵੀ ਮੇਰੇ ਵੱਲ ਸਿੱਧੀ ਜਾਂ ਚੁਰਾਵੀਂ ਅੱਖ ਨਾਲ ਨਾ ਵੇਖਿਆ । ਉਸ ਇਸਤਰੀ ਨੇ ਪ੍ਰੋਫ਼ੈਸਰ ਸਾਹਿਬ ਨੂੰ ਲਿਖਿਆ ਸੀ ਕਿ ਅਸੀਂ ਅਮਰੀਕਾ ਨਿਵਾਸੀ ਆਪਣੇ ਦੇਸ਼ ਵਿਚ ਸੁਣਿਆ ਕਰਦੇ ਹਾਂ ਕਿ ਭਾਰਤ ਦੇ ਇਤਿਹਾਸ ਵਿਚ ਇਕ ਲਛਮਣ ਜਤੀ ਹੋਇਆ ਹੈ; ਪਰ ਤੁਹਾਡੇ ਲੀਡਰ ਦੇ ਇਸ ਅਦੁੱਤੀ ਮਾਨਸਿਕ ਸੰਜਮ ਦੇ ਗੁਣ ਨੂੰ ਦੇਖ ਕੇ ਤਾਂ ਇਹ ਪਤਾ ਲੱਗਦਾ ਹੈ ਕਿ ਤੁਹਾਡੇ ਦੇਸ਼ ਵਿਚ ਲਛਮਣ ਜਤੀ ਅਜੇ ਵੀ ਮੌਜੂਦ ਹਨ ਅਤੇ ਉਨ੍ਹਾਂ ਵਿਚੋਂ ਇਕ ਲਛਮਣ ਜਤੀ ਤੁਹਾਡਾ ਲੀਡਰ ਮਾਸਟਰ ਤਾਰਾ ਸਿੰਘ ਹੈ । ਮਾਸਟਰ ਜੀ ਦੇ ਮਨ ਨੂੰ ਇਤਨੀ ਪਵਿੱਤਰਤਾ ਦੇਣ ਵਾਲੇ ਜਪੁ ਜੀ ਸਾਹਿਬ ਦੇ ਹੇਠ ਲਿਖੇ ਸ਼ਬਦ ਹਨ :

੧. ......**ਮਨ ਜੀਤੈ ਜਗੁ ਜੀਤੁ ॥**

੨. **ਨਾ ਓਹਿ ਮਰਹਿ ਨ ਠਾਗੇ ਜਾਹਿ ॥ਜਿਨ ਕੈ ਰਾਮੁ ਵਸੈ ਮਨ ਮਾਹਿ ॥**



੩. **ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥**

੪. **ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥**

੫. **ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖਾ ਜੀਵਨ ਦੀ ਉਸ ਜੁਗਤ ਦਾ ਪਤਾ ਲੱਗਦਾ ਹੈ ਜਿਹੜੀ ਜੁਗਤ ਬੰਦੇ ਨੂੰ ਨਾ ਕੇਵਲ ਆਪਣੇ ਆਪ ਸੰਜਮ ਵਿਚ ਰੱਖਣ ਦਾ ਰਾਹ ਦੱਸਦੀ ਹੈ ਬਲਕਿ ਉਸ ਨੂੰ ਸੰਸਾਰ ਦੇ ਪ੍ਰਾਣੀਆਂ ਦੀ ਸੇਵਾ ਤੇ ਉਪਕਾਰ ਵਿਚ ਜੁੱਟਾ ਕੇ ਉਸ ਦੇ ਮਨ ਨੂੰ ਅਜਿਹਾ ਰੁਝਿਆ ਹੋਇਆ ਤੇ ਪਵਿੱਤਰ ਕਰੀ ਰੱਖਦੀ ਹੈ ਕਿ ਉਹ ਉਹਨਾਂ ਪਾਪਾਂ ਤੇ ਸਮਾਜਿਕ ਅਪਰਾਧਾਂ ਤੋਂ ਬਚ ਜਾਂਦਾ ਜਿਹੜੇ ਬੰਦੇ ਨੂੰ ਭਿਆਨਕ ਰੋਗਾਂ ਵਿਚ ਫਸਾ ਕੇ ਉਸ ਨੂੰ ਬਿਨ ਆਈ ਮੌਤ ਵੀ ਮਾਰਿਆ ਕਰਦੇ ਹਨ ਤੇ ਜੇਹਲਾਂ ਤੇ ਫਾਂਸੀਆਂ ਦੀਆਂ ਸਜ਼ਾਵਾਂ ਵੀ ਦਿਵਾਇਆ ਕਰਦੇ ਹਨ । ਅਜਿਹੇ ਮੰਦੇ ਜੀਵਨ ਨੂੰ ਉਹ ਬੰਦੇ ਬਿਤਾਇਆ ਕਰਦੇ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ ਵਿਚ ਦਿੱਤੀ ਗਈ ਮਨੁੱਖਾ ਜੀਵਨ ਦੀ ਮਹਾਨ ਜੁਗਤ ਦਾ ਪਤਾ ਨਹੀਂ ਲੱਗਿਆ ਹੁੰਦਾ । ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਨੇ ਮੇਰੀ ਇਹ ਬੇਨਤੀ ਪ੍ਰਵਾਨ ਕਰ ਲਈ ਸੀ ਕਿ ਮੈਂ ਇਹ ਕਹਿ ਸਕਾਂ ਕਿ ਜਿਸ ਬੂਹੇ ਅੱਗੇ ਮੈਂ ਦਾਨ ਲਈ ਜਾਵਾਂ ਮਾਸਟਰ ਜੀ ਵੀ ਉਸ ਬੂਹੇ ਅੱਗੇ ਮੇਰੇ ਨਾਲ ਹੀ ਪਿੰਗਲਵਾੜੇ ਲਈ ਖਲੋਤੇ ਹੋਣ ।

ਮਾਸਟਰ ਜੀ ਤੜਕੇ ਤਿੰਨ ਵਜੇ ਸੁੱਤੇ ਉੱਠਦੇ ਸਨ ਤੇ ਉਸ ਵੇਲੇ ਇਸ਼ਨਾਨ ਕਰਕੇ ਗੁਰਸਿੱਖੀ ਦੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਲੱਗ ਪੈਂਦੇ ਸਨ । ਦਿੱਲੀ ਸ਼ਹਿਰ ਵਿਚ ਮਾਸਟਰ ਜੀ ਗੁਰਦੁਆਰਾ ਰਕਾਬ ਗੰਜ ਵਿਚ ਠਹਿਰਿਆ ਕਰਦੇ ਸਨ । ਸਵੇਰ ਵੇਲੇ ਦੇ ਨਿੱਤਨੇਮ ਨੂੰ ਸਮਾਪਤ ਕਰਕੇ ਆਪ ਗੁਰਦੁਆਰਾ ਰਕਾਬ ਗੰਜ ਦੇ ਪ੍ਰਕਾਸ਼ ਅਸਥਾਨ ’ਤੇ ਜਾ ਕੇ ‘ਆਸਾ ਦੀ ਵਾਰ’ ਦਾ ਕੀਰਤਨ ਸੁਣਨ ਬੈਠ ਜਾਂਦੇ ਸਨ, ‘ਆਸਾ ਦੀ ਵਾਰ’ ਦਾ ਕੀਰਤਨ ਧਰਮ ਸਿੰਘ ਗੁਰਮਤਿ ਵਿਦਿਆਲੇ ਦੇ ਵਿਦਿਆਰਥੀ ਕਰਿਆ ਕਰਦੇ ਸਨ । ਉਸ ਵਿਦਿਆਲੇ ਵਿਚ ਦੇਸ਼

ਦੀਆਂ ਯੂ.ਪੀ. ਜੈਸੀਆਂ ਰਿਆਸਤਾਂ ਦੇ ਗ਼ਰੀਬ ਵਿਦਿਆਰਥੀ ਗੁਰਮਤਿ ਤੇ ਰਾਗ ਵਿੱਦਿਆ ਸਿੱਖਦੇ ਸਨ । ਉਹਨਾਂ ਵਿਦਿਆਰਥੀਆਂ ਨੂੰ ਰਾਗ ਤਾਂ ਚੰਗੀ ਤਰ੍ਹਾਂ ਆਉਂਦਾ ਨਹੀਂ ਸੀ, ਨਾ ਹੀ ਉਹਨਾਂ ਦੀ ਆਵਾਜ਼ ਹੀ ਸੁਰੀਲੀ ਸੀ; ਪਰ ਮਾਸਟਰ ਜੀ 'ਆਸਾ ਦੀ ਵਾਰ' ਦੇ ਸਤਿਕਾਰ ਨੂੰ ਸਨਮੁੱਖ ਰੱਖਦੇ ਹੋਏ ਉਸ ਕੀਰਤਨ ਦੀ ਪੂਰੀ ਹਾਜ਼ਰੀ ਭਰਦੇ ਸਨ ।

ਮਾਸਟਰ ਜੀ ਨੇ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਤੇ ਕੈਦਾਂ ਵੀ ਕੱਟੀਆਂ ਸਨ । ਉਹ ਸਿੱਖ ਪੰਥ ਦੇ ਸਭ ਤੋਂ ਵੱਡੇ ਲੀਡਰ ਸਨ । ਦੇਸ਼ ਨੂੰ ਸੁਤੰਤਰਤਾ ਮਿਲਣ ਦੇ ਪਿੱਛੋਂ ਉਹ ਪੰਜਾਬ ਦੇ ਵੀ ਵਜ਼ੀਰ ਬਣ ਸਕਦੇ ਸਨ ਤੇ ਕੇਂਦਰੀ ਸਰਕਾਰ ਦੇ ਵੀ । ਆਪ ਦਾ ਧਿਆਨ ਇਨ੍ਹਾਂ ਮੈਂਬਰੀਆਂ ਤੇ ਵਜ਼ੀਰੀਆਂ ਵੱਲ ਨਾ ਗਿਆ । ਬੱਸ ਦੇਸ਼ ਦੀ ਸਰਹੱਦ ਦੇ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਚ ਜ਼ਿੰਦਗੀ ਦੇ ਅੰਤ ਤਕ ਬੈਠ ਕੇ ਆਪ ਸ੍ਰੀ ਦਰਬਾਰ ਸਾਹਿਬ ਦੇ ਪਹਿਰੇਦਾਰ ਬਣੇ ਰਹੇ । ਮਾਸਟਰ ਜੀ ਦਾ ਜੀਵਨ ਸਾਂਸ-ਸਾਂਸ ਵਾਹਿਗੁਰੂ ਦੇ ਸਿਮਰਨ ਵਿਚ ਗੁਜ਼ਰਦਾ ਸੀ ਤੇ ਆਪ ਹਰ ਵੇਲੇ ਸਿੱਖ ਪੰਥ, ਦੇਸ਼ ਤੇ ਦੁਨੀਆਂ ਦੇ ਭਲੇ ਦਾ ਫ਼ਿਕਰ ਕਰਦੇ ਰਹਿੰਦੇ ਸਨ । ਮਾਸਟਰ ਜੀ ਨੇ ਜਿਹੜੀਆਂ ਮਿਹਰਬਾਨੀਆਂ ਮੇਰੇ 'ਤੇ ਪਿੰਗਲਵਾੜੇ ਵਾਸਤੇ ਕੀਤੀਆਂ ਉਹਨਾਂ ਦੀ ਕਹਾਣੀ ਲੰਮੀ ਚੌੜੀ ਹੈ ਤੇ ਹੈਰਾਨ ਕਰ ਦੇਣ ਵਾਲੀ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿਚ ਉਹਨਾਂ ਕਹਾਣੀਆਂ ਦੀ ਮਹੱਤਤਾ ਵਾਲੀ ਥਾਂ ਹੈ । ਜਿਹੜੇ ਧਰਮੀ ਮਾਈ ਭਾਈ ਚਾਹੁੰਦੇ ਹਨ ਕਿ ਦੇਸ਼ ਦੇ ਬੱਚਿਆਂ ਨੂੰ ਧਰਮ ਦੀ ਰਚਨਾਤਮਿਕਤਾ ਦੇ ਰਾਹ ਉੱਤੇ ਤੁਰਨ ਦੀ ਸੇਧ ਦੇਣ ਵਾਲਾ ਇਹ ਕਿਤਾਬਚਾ ਵੱਧ ਤੋਂ ਵੱਧ ਬੰਦਿਆਂ ਦੇ ਹੱਥਾਂ ਵਿਚ ਜਾਵੇ ਉਹ ਸਾਨੂੰ ਹਰ ਮਹੀਨੇ ਮਨੀਆਰਡਰਾਂ ਰਾਹੀਂ ਮਾਇਆ ਘੱਲਣ ਤੇ ਹੋਰਨਾਂ ਪਾਸੋਂ ਵੀ ਘਲਾਉਣ ।

-ਭਗਤ ਪੂਰਨ ਸਿੰਘ



**ਗੁਰਸਿੱਖੀ ਦੇ ਨਿੱਤਨੇਮ ਦੀਆਂ ਪੰਜਾਂ ਬਾਣੀਆਂ ਦਾ ਪਾਠ ਪ੍ਰਤੀ-ਦਿਨ ਕਰਨ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਉਸ ਮਹਾਨ ਗ੍ਰੰਥ ਦੀ ਬਾਣੀ ਦੀ ਖੋਜ ਤੇ ਵਿਚਾਰ ਅਤੇ ਵਾਹਿਗੁਰੂ ਦੇ ਨਾਮ ਦੀ ਲਿਵ ਵਿਚ ਡੁੱਬੇ ਰਹਿਣ ਵਾਲੇ ਗੁਰਸਿੱਖਾਂ ਦੇ ਜੀਵਨ ਦੀ ਨਿਖੇੜਵੀਂ ਘਾੜਤ ਦਾ ਇਕ ਨਮੂਨਾ**

# ਮਹਾਨ ਗੁਰਸਿੱਖ ਪ੍ਰਿੰਸੀਪਲ ਜੋਧ ਸਿੰਘ

ਜਿਹੜੇ ਬੰਦੇ ਬਾਣੀ ਪੜ੍ਹਦੇ ਹਨ, ਨਾਮ ਜੱਪਦੇ ਹਨ, ਦਸਵੰਧ ਕੱਢਦੇ ਹਨ, ਉਹ ਬੜੀਆਂ ਉੱਚੀਆਂ ਪਦਵੀਆਂ ਪ੍ਰਾਪਤ ਕਰਦੇ ਹਨ, ਸੰਸਾਰ ਵਿਚ ਚੰਦ ਵਾਂਗ ਚਮਕਦੇ ਹਨ ਤੇ ਲੰਮੀਆਂ ਉਮਰਾਂ ਭੋਗਦੇ ਹਨ । ਭਾਈ ਸਾਹਿਬ ਭਾਈ ਜੋਧ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ ਹੋਏ ਹਨ । ਉਹ ਛੋਟੀ ਉਮਰ ਤੋਂ ਹੀ ਗੁਰਬਾਣੀ ਦੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਸਨ, ਦਸਵੰਧ ਕੱਢਦੇ ਰਹੇ ਸਨ । ਉਨ੍ਹਾਂ ਨੇ ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਭੋਗੀ । ਵੇਦ ਵਿਚ ਲਿਖਿਆ ਹੈ ਕਿ "ਐ— 'ਮਨੁੱਖ ਨੇਕ ਕੰਮਾਂ ਨੂੰ ਕਰਦਾ ਹੋਇਆ ਤੂੰ ਸੌ ਸਾਲ ਦੀ ਉਮਰ ਭੋਗਣ ਦੀ ਆਸ ਰੱਖ ।' ਕਾਰਲਾਇਲ ਫ਼ਿਲਾਸਫ਼ਰ ਦਾ ਕਥਨ ਹੈ—'Man does not die, he kills himself', ਅਰਥਾਤ ਮਨੁੱਖ ਮਰਦਾ ਨਹੀਂ ਉਹ ਆਪਣੇ ਆਪ ਨੂੰ ਜਾਨੋਂ ਮਾਰਦਾ ਹੈ । ਵਿਸ਼ੇ-ਵਿਕਾਰ, ਝੂਠ, ਈਰਖਾ, ਦਵੈਸ਼, ਕ੍ਰੋਧ ਤੇ ਹੋਰ ਅਨੇਕ ਪ੍ਰਕਾਰ ਦੀਆਂ ਮਰਯਾਦਾਵਾਂ ਨੂੰ ਤੋੜਨ ਵਾਲੀਆਂ ਜੀਵਨ ਦੀਆਂ ਕ੍ਰਿਆਵਾਂ ਮਨੁੱਖ ਦੀ ਉਮਰ ਘਟਾਉਂਦੀਆਂ ਹਨ । ਜਿਉਂ-ਜਿਉਂ ਸਮਾਂ ਲੰਘਦਾ ਗਿਆ, ਮੈਂ ਇਹ ਸੋਚਦਾ ਰਿਹਾ ਸਾਂ ਕਿ ਦੇਖੀਏ ਕਿੰਨੀ ਕੁ ਉਮਰ 'ਤੇ ਪੁੱਜ ਕੇ ਪ੍ਰਿੰਸੀਪਲ ਜੋਧ ਸਿੰਘ ਜੀ ਸਾਥੋਂ ਵਿਛੜਣਗੇ । ਉਨ੍ਹਾਂ ਦੀ ਮੌਤ ਦੁਨੀਆਂ ਦੇ ਬੰਦਿਆਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ । ਉਨ੍ਹਾਂ ਨੂੰ ਕੋਈ ਬਿਮਾਰੀ ਨਾ ਆਈ, ਕੇਵਲ ਦੀਵੇ ਵਿਚੋਂ ਤੇਲ ਹੀ ਮੁੱਕ ਗਿਆ ਸੀ । ਮੌਤ ਤੋਂ ੨-੩ ਦਿਨ ਪਹਿਲਾਂ ਉਨ੍ਹਾਂ ਨੇ ਅੰਨ

ਛੱਡ ਦਿੱਤਾ ਸੀ । ਜਿਸ ਦਿਨ ਰਾਤ ਦੇ ਵੇਲੇ ਉਨ੍ਹਾਂ ਦੀ ਮੌਤ ਹੋਈ ਉਸ ਵੇਲੇ ਡਾਕਟਰ ਤੇ ਉਨ੍ਹਾਂ ਦੇ ਪੁੱਤਰ ਸ੍ਰ: ਸੁੰਦਰ ਸਿੰਘ ਰਾਤ ਦੇ ੧੨ ਵਜੇ ਤਕ ਪਾਸ ਬੈਠੇ ਰਹੇ । ਰਾਤ ੩ ਵਜੇ ਪ੍ਰਿੰਸੀਪਲ ਸਾਹਿਬ ਉੱਠ ਖੜ੍ਹਿਆ ਕਰਦੇ ਸਨ । ਪੁੱਤਰ ਸੁੰਦਰ ਸਿੰਘ ਰਾਤ ਦੋ ਵਜੇ ਉਨ੍ਹਾਂ ਪਾਸ ਫਿਰ ਪੁੱਜ ਗਿਆ, ਉਸ ਵੇਲੇ ਉਨ੍ਹਾਂ ਦੇ ਬੁੱਲ੍ਹ ਹਿੱਲ ਰਹੇ ਸਨ । ਪੁੱਤਰ ਨੇ ਪੁੱਛਿਆ ਪਿਤਾ ਜੀ ਕੀ ਤੁਸੀਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋ ? ਉਨ੍ਹਾਂ ਨੇ ਸਿਰ ਹਿਲਾ ਕੇ ਸਮਝਾਇਆ ਕਿ ਨਹੀਂ । ਪੁੱਤਰ ਨੇ ਫਿਰ ਪੁੱਛਿਆ ਕਿ ਪਿਤਾ ਜੀ ਜਪੁ ਜੀ ਸਾਹਿਬ ਦਾ ਪਾਠ ਕਰਦੇ ਹੋ ? ਉਨ੍ਹਾਂ ਨੇ ਸਿਰ ਹਿਲਾ ਕੇ ਸਮਝਾਇਆ ਕਿ ਹਾਂ । ਪ੍ਰਿੰਸੀਪਲ ਸਾਹਿਬ ਨੇ ਇਸ਼ਾਰਾ ਕੀਤਾ ਕਿ ਟੇਪ ਰਿਕਾਰਡ ਚਲਾ ਦਿਉ । ਟੇਪ ਰਿਕਾਰਡ ਵਿਚ ਸੁਖਮਨੀ ਸਾਹਿਬ ਦਾ ਪਾਠ ਹੋਣ ਲੱਗ ਪਿਆ, ਪ੍ਰਿੰਸੀਪਲ ਸਾਹਿਬ ਬਿਨਾਂ ਹਾਏ ਦੀ ਆਵਾਜ਼ ਤੋਂ ਸਵਾਸ ਛੱਡ ਗਏ । ਉਨ੍ਹਾਂ ਨੂੰ ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਦੀ ਪੂੰਜੀ ਕਿਸ ਤਰ੍ਹਾਂ ਪ੍ਰਾਪਤ ਹੋਈ ? ਇਸ ਪ੍ਰਸ਼ਨ ਦਾ ਉੱਤਰ ਹੇਠ ਲਿਖਿਆ ਹੈ :-

ਉਹ ਪ੍ਰਤੀ-ਦਿਨ ਤੜਕੇ ਉੱਠ ਕੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਸਨ । ਮਨ ਨੂੰ ਉਨ੍ਹਾਂ ਨੇ ਹਰ ਵੇਲੇ ਵਾਹਿਗੁਰੂ ਦੇ ਧਿਆਨ ਵਿਚ ਲਾ ਕੇ ਰੱਖਿਆ, ਗੁਰਬਾਣੀ ਦੀ ਖੋਜ ਕਰਦੇ ਰਹੇ, ਧਰਮ ਗ੍ਰੰਥ ਲਿਖਦੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਤਰਜਮੇ ਦੀ ਸੋਧ ਕਰਦੇ ਰਹੇ, ਇਸ ਕਾਰਜ ਲਈ ਪ੍ਰੋਫ਼ੈਸਰ ਗੁਰਬਚਨ ਸਿੰਘ 'ਤਾਲਿਬ' ਆਪ ਪਾਸ ਸਮੇਂ-ਸਮੇਂ ਆਉਂਦਾ ਹੁੰਦਾ ਸੀ । ਮੌਤ ਤੋਂ ਕੋਈ ਮਹੀਨਾ ਕੁ ਪਹਿਲਾਂ ਜਦ ਤਾਲਿਬ ਸਾਹਿਬ ਆਏ ਤਾਂ ਪ੍ਰਿੰਸੀਪਲ ਸਾਹਿਬ ਨੂੰ ਥੋੜ੍ਹਾ ਬੁਖ਼ਾਰ ਸੀ । ਤਾਲਿਬ ਸਾਹਿਬ ਨੇ ਕਿਹਾ ਕਿ ਮੈਂ ਫਿਰ ਆਵਾਂਗਾ ਅਜੇ ਤੁਸੀਂ ਰਾਜ਼ੀ ਹੋ ਲਵੋ । ਪ੍ਰਿੰਸੀਪਲ ਸਾਹਿਬ ਨੇ ਉੱਤਰ ਦਿੱਤਾ ਕਿ ਕੋਈ ਡਰ ਨਹੀਂ, ਬੁਖ਼ਾਰ ਕਰਕੇ ਅੱਜ ਮੈਂ ਕੁਰਸੀ ਉੱਤੇ ਨਹੀਂ



ਬੈਠਦਾ ਤੁਸੀਂ ਬੋਲਦੇ ਜਾਓ, ਮੈਂ ਲੰਮਾ ਪਿਆ ਹੀ ਸੁਣਦਾ ਰਹਾਂਗਾ ਤੇ ਸੋਧਾਈ ਕਰਦਾ ਰਹਾਂਗਾ । ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਭੋਗਣਾ, ਕਿਸੇ ਰੋਗ ਦਾ ਨਾ ਲੱਗਣਾ, ਮੂੰਹ ਵਿਚੋਂ ਹਾਏ ਦੀ ਆਵਾਜ਼ ਦਾ ਨਾ ਨਿਕਲਣਾ, ਹੋਸ਼-ਹਵਾਸ ਵਿਚ ਰਹਿੰਦਿਆਂ ਹੋਇਆਂ ਗੁਰਬਾਣੀ ਦਾ ਪਾਠ ਕਰਦੇ ਹੋਏ ਤੇ ਗੁਰਬਾਣੀ ਦੀ ਆਵਾਜ਼ ਨੂੰ ਪੂਰੀ ਇਕਾਗਰਤਾ ਨਾਲ ਸੁਣਦਿਆਂ ਸਵਾਸ ਛੱਡਣਾ ਇਹ ਦਾਤਾਂ ਹਨ ਜਿਹੜੀਆਂ ਉਹਨਾਂ ਬੰਦਿਆਂ ਨੂੰ ਮਿਲਦੀਆਂ ਹਨ, ਜਿਹੜੇ ਤੜਕੇ ਦੋ ਵਜੇ ਉੱਠਦੇ ਹਨ ਅਤੇ ਦਿਨ ਚੜ੍ਹਦੇ ਤਕ ਗੁਰਬਾਣੀ ਦੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਆਪਣੇ ਘਰਾਂ ਵਿਚ ਕਰਦੇ ਹਨ, ਦਸਵੰਧ ਕੱਢਦੇ ਹਨ, ਸਵਾਸ ਸਵਾਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਹਨ ਤੇ ਸਾਰੀ ਉਮਰ ਸੰਸਾਰ ਦੇ ਜੀਆਂ ਦੇ ਭਲੇ ਬਾਰੇ ਸੋਚਾਂ ਸੋਚਦੇ ਰਹਿੰਦੇ ਹਨ, ਧਰਮ ਗ੍ਰੰਥ ਲਿਖਦੇ ਰਹਿੰਦੇ ਹਨ । ਭਾਈ ਸਾਹਿਬ ਕਹਿੰਦੇ ਸਨ ਕਿ ਦਸਵੰਧ ਕੱਢਣਾ ਵੀ ਸ਼ਹੀਦੀ ਦਾ ਹਿੱਸਾ ਹੈ ਤੇ ਦਸਵੰਧ ਨਾ ਕੱਢਣਾ ਸਿੱਖ ਮਰਯਾਦਾ ਦੀ ਉਲੰਘਣਾ ਕਰਨਾ ਹੈ । ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਹੋਣ ਵੇਲੇ ਆਪ ਅੰਮ੍ਰਿਤ ਵੇਲੇ ਖ਼ਾਲਸਾ ਕਾਲਜ ਦੇ ਗੁਰਦੁਆਰੇ ਚਲੇ ਜਾਂਦੇ, ਆਸਾ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾਉਂਦੇ ਸਨ । ਉਹ ਮੈਨੂੰ ਬਹੁਤ ਪਿਆਰ ਕਰਦੇ ਸਨ । ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਹੋਣ ਵੇਲੇ ਪ੍ਰਿੰਸੀਪਲ ਸਾਹਿਬ ਦੀ ਤਨਖ਼ਾਹ 1200 ਰੁਪਏ ਮਹੀਨਾ ਸੀ ਪਰ ਜਦ ਉਹ ਖ਼ਾਲਸਾ ਕਾਲਜ ਤੋਂ ਰਿਟਾਇਰ ਹੋ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਬਣੇ ਤਾਂ ਉਹਨਾਂ ਦੀ ਤਨਖ਼ਾਹ 2200 ਰੁਪਏ ਮਹੀਨਾ ਹੋ ਗਈ । ਉਸ ਵੇਲੇ ਉਨ੍ਹਾਂ ਨੇ ਆਪਣੇ ਪੁੱਤਰ ਸੁੰਦਰ ਸਿੰਘ ਨੂੰ ਕਿਹਾ ਕਿ ਮੇਰਾ ਗੁਜ਼ਾਰਾ ਤਾਂ ਬਾਰਾ ਸੌ ਰੁਪਏ ਮਹੀਨੇ ਵਿਚ ਹੋ ਜਾਂਦਾ ਹੈ । ਹੁਣ ਤਨਖ਼ਾਹ ਦੇ ਵਧੇ ਹੋਏ 1000 ਰੁਪਏ

ਨੂੰ ਮੈਂ ਕੀ ਕਰਾਂ, ਮੈਨੂੰ ਤਾਂ ਇਤਨੇ ਰੁਪਇਆਂ ਦੀ ਲੋੜ ਨਹੀਂ; ਇਹ ਤਾਂ ਮੇਰੀ ਲੋੜ ਤੋਂ ਵੱਧ ਹਨ । ਮੈਂ ਵਧੀ ਹੋਈ ਤਨਖ਼ਾਹ ਵਿਚੋਂ ਹਜ਼ਾਰ ਰੁਪਏ ਮਹੀਨਾ ਦਾਨ ਕਰਨਾ ਚਾਹੁੰਦਾ ਹਾਂ । ਇਸ ਗੱਲ ਵਿਚ ਪੁੱਤਰ ਤੈਨੂੰ ਕੋਈ ਇਤਰਾਜ਼ ਤਾਂ ਨਹੀਂ ? ਪੁੱਤਰ ਨੇ ਉੱਤਰ ਦਿੱਤਾ ਕਿ ਪਿਤਾ ਜੀ ਤੁਸੀਂ ਮੈਨੂੰ ਇਤਨਾ ਪੜ੍ਹਾਇਆ ਹੈ ਕਿ ਮੈਂ ਡਿਪਟੀ-ਕਮਿਸ਼ਨਰ ਲੱਗਿਆ ਹੋਇਆ ਹਾਂ । ਮੇਰੇ ਪਰਿਵਾਰ ਦੇ ਨਿਰਬਾਹ ਲਈ ਮੇਰੀ ਤਨਖ਼ਾਹ ਬਹੁਤ ਹੈ, ਤੁਸੀਂ ਵਾਧੇ ਦੇ ਹਜ਼ਾਰ ਰੁਪਏ ਨੂੰ ਜਿਸ ਤਰ੍ਹਾਂ ਚਾਹੋ ਖ਼ਰਚ ਕਰੋ । ਭਾਈ ਸਾਹਿਬ ਉਸ ਤੋਂ ਪਿੱਛੋਂ ਆਪਣੇ ਖ਼ਰਚ ਲਈ ਬਾਰਾਂ ਸੌ ਰੁਪਏ ਹੀ ਲੈਂਦੇ ਰਹੇ ਤੇ ਬਾਕੀ ਦਾ ਇਕ ਹਜ਼ਾਰ ਰੁਪਿਆ ਗ਼ਰੀਬ ਵਿਦਿਆਰਥੀਆਂ ਨੂੰ ਦਿੰਦੇ ਰਹੇ । ਉਸ ਕੰਮ ਲਈ ਉਹਨਾਂ ਨੇ ਇਕ ਛੋਟੀ ਜਿਹੀ ਕਮੇਟੀ ਬਣਾ ਛੱਡੀ ਸੀ ਜੋ ਲੋੜਵੰਦ ਵਿਦਿਆਰਥੀਆਂ ਦੀ ਚੋਣ ਕਰਦੀ ਰਹੀ । ਭਾਈ ਸਾਹਿਬ ਨੇ ਇਸ ਤਰ੍ਹਾਂ ਤਿੰਨ ਸਾਲਾਂ ਵਿਚ ਕੋਈ ਛੱਤੀ ਹਜ਼ਾਰ ਰੁਪਏ ਦਾਨ ਕੀਤੇ । ਉਹ ਆਪਣੇ ਦਸਵੰਧ ਦਾ ਹਿਸਾਬ ਬਾਕਾਇਦਾ ਰੱਖਦੇ ਸਨ ਤੇ ਸੰਸਾਰ ਤੋਂ ਵਿਦਾ ਹੋਣ ਤੋਂ ਕੁਝ ਚਿਰ ਪਹਿਲਾਂ ਉਹਨਾਂ ਨੇ ਦਸਵੰਧ ਦਾ ਹਿਸਾਬ ਕਰਕੇ ਕੋਈ ਸੱਤ ਹਜ਼ਾਰ ਰੁਪਿਆ ਜੋ ਉਸ ਵੇਲੇ ਤਕ ਬਣਿਆ, ਪੁੱਤਰ ਨੂੰ ਦੇ ਕੇ ਕਿਹਾ, ਤੂੰ ਜਾ ਕੇ ਕਿਸੇ ਯੋਗ ਸੰਸਥਾ ਨੂੰ ਇਹ ਰਕਮ ਦਾਨ ਦੇ ਆ । ਪੁੱਤਰ ਨੇ ਉਹਨਾਂ ਦੇ ਇਸ ਹੁਕਮ ਦੀ ਪਾਲਣਾ ਕੀਤੀ । ਪ੍ਰਿੰਸੀਪਲ ਜੋਧ ਸਿੰਘ ਨੇ ਦਿਨ ਰਾਤ ਇਕ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਕਰਾਉਣ ਵਿਚ ਜੀਵਨ ਬਤੀਤ ਕੀਤਾ, ਇਮਾਨਦਾਰੀ ਨਾਲ ਕਮਾਈ ਕੀਤੀ, ਪੂਰੇ ਫ਼ਿਕਰ ਨਾਲ ਤਨਖ਼ਾਹ ਵਿਚੋਂ ਦਸਵੰਧ ਵੱਧ ਤੋਂ ਵੱਧ ਕੱਢਿਆ ਤੇ ਉਹ ਫਲ ਮਿਲਿਆ, ਜਿਸ ਤੋਂ ਹੋਣਹਾਰ ਪੁੱਤਰ ਡਿਪਟੀ-ਕਮਿਸ਼ਨਰ ਬਣਿਆ ।



ਆਪਣੇ ਪੁੱਤਰਾਂ ਧੀਆਂ ਦੇ ਹੋਸ਼ ਸੰਭਾਲਣ ਦੇ ਸਮੇਂ ਤੋਂ ਉਨਾਂ ਨੂੰ
ਸਿੱਖ ਗੁਰਮਤਿ ਦੀ ਰੰਗਤ ਵਿਚ ਰੰਗਣ ਵਾਲਾ

## ਡਾਕਟਰ ਪੂਰਨ ਸਿੰਘ

ਡਾਕਟਰ ਪੂਰਨ ਸਿੰਘ ਜੀ ਅੰਮ੍ਰਿਤ ਵੇਲੇ ਤਿੰਨ ਕੁ ਵਜੇ ਉੱਠ ਕੇ ਪਹਿਲਾਂ ਅੱਧਾ ਘੰਟਾ ਸਿਮਰਨ ਕਰਦੇ ਸਨ । ਫਿਰ ਚਾਰ ਵਜੇ ਦੇ ਕਰੀਬ ਗੁਰਦੁਆਰੇ ਪਹੁੰਚ ਕੇ 'ਆਸਾ ਦੀ ਵਾਰ' ਦਾ ਪੂਰਾ ਕੀਰਤਨ ਸੁਣਦੇ ਸਨ । ਆਪਣੇ ਬੱਚਿਆਂ ਦੇ ਧਾਰਮਿਕ ਜੀਵਨ ਵੱਲ ਉਹਨਾਂ ਦਾ ਪੂਰਾ ਧਿਆਨ ਹੁੰਦਾ ਸੀ । ਉਹ ਉਹਨਾਂ ਨੂੰ ਗੁਰਸਿੱਖੀ ਮਾਰਗ 'ਤੇ ਤੋਰਨਾ ਚਾਹੁੰਦੇ ਸਨ । ਇਸ ਲਈ ਉਹ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਅੰਮ੍ਰਿਤ ਵੇਲੇ ਉੱਠਣ, ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਤੇ ਗੁਰਦਵਾਰੇ ਜਾ ਕੇ ਮੱਥਾ ਟੇਕਣ ਦੀ ਆਦਤ ਪਾਉਂਦੇ ਸਨ । ਉਹਨਾਂ ਨੇ ਆਪਣੇ ਹਰ ਬੱਚੇ ਲਈ ਵੱਖਰੀ ਥੈਲੀ ਰੱਖੀ ਹੋਈ ਸੀ । ਜਿਹੜਾ ਬੱਚਾ ਸਵੇਰ ਵੇਲੇ ਪਹਿਲਾਂ ਉੱਠਦਾ ਸੀ ਉਸ ਦੀ ਥੈਲੀ ਵਿਚ ਇਨਾਮ ਦੇ ਪੈਸੇ ਪੈ ਜਾਂਦੇ ਸਨ । ਜਿਹੜਾ ਪਹਿਲਾਂ ਇਸ਼ਨਾਨ ਕਰਦਾ ਸੀ ਉਸ ਦੀ ਥੈਲੀ ਵਿਚ ਵੀ ਇਨਾਮ ਪੈ ਜਾਂਦਾ ਸੀ । ਜਿਹੜਾ ਗੁਰਬਾਣੀ ਦੇ ਨਿੱਤਨੇਮ ਦਾ ਪਾਠ ਪਹਿਲਾਂ ਕਰਦਾ ਸੀ ਉਸ ਦੀ ਥੈਲੀ ਵਿਚ ਵੀ ਇਨਾਮ ਪੈ ਜਾਂਦਾ ਸੀ ਅਤੇ ਜਿਹੜਾ ਪਹਿਲਾਂ ਗੁਰਦਵਾਰੇ ਜਾਂਦਾ ਸੀ ਉਸ ਦੀ ਥੈਲੀ ਵਿਚ ਵੀ ਵੱਖਰਾ ਇਨਾਮ ਪੈ ਜਾਂਦਾ ਸੀ । ਡਾਕਟਰ ਸਾਹਿਬ ਆਪਣੇ ਹਰ ਬੱਚੇ ਨੂੰ ਜਪੁ ਜੀ ਸਾਹਿਬ, ਸ਼ਬਦ ਹਜ਼ਾਰੇ ਅਤੇ ਅਨੰਦ ਸਾਹਿਬ ਆਦਿਕ ਨਿੱਤਨੇਮ ਦੀਆਂ ਬਾਣੀਆਂ ਦੇ ਨਾਲ ਸੁਖਮਨੀ ਸਾਹਿਬ ਦਾ ਪਾਠ ਜ਼ਬਾਨੀ ਚੇਤੇ ਕਰਾਉਂਦੇ ਸਨ । ਜਿਸ ਬੱਚੇ ਨੂੰ ਸੁਖਮਨੀ ਸਾਹਿਬ ਦਾ ਪਾਠ ਚੇਤੇ ਹੋ ਜਾਂਦਾ ਸੀ ਉਸ ਨੂੰ 1000 ਰੁਪਏ ਇਨਾਮ ਵਜੋਂ ਮਿਲ ਜਾਂਦੇ ਸਨ । ਛੋਟੀ ਉਮਰ ਦੇ ਆਪਣੇ ਬੱਚਿਆਂ ਨੂੰ ਡਾਕਟਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਲੈ ਜਾਂਦੇ ਤੇ ਬੜੇ ਪਿਆਰ ਤੇ ਚਾਵ੍ਹਾਂ ਨਾਲ ਉਨ੍ਹਾਂ

ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਦੀ ਆਦਤ ਪਾਉਂਦੇ । ਉਨ੍ਹਾਂ ਦੇ ਪੁੱਤਰ ਵੀ ਆਪਣੀਆਂ ਨੌਕਰੀਆਂ ਵਾਲੀਆਂ ਥਾਵਾਂ ਤੋਂ ਆਪਣੇ ਛੋਟੀ ਉਮਰ ਦੇ ਬਾਲਕਾਂ ਨੂੰ ਡਾਕਟਰ ਸਾਹਿਬ ਪਾਸ ਇਸ ਲਈ ਹੀ ਭੇਜਦੇ ਸਨ ਕਿ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਤੇ ਗੁਰਬਾਣੀ ਪੜ੍ਹਨ ਦੀ ਆਦਤ ਪੈ ਜਾਵੇ । ਡਾਕਟਰ ਸਾਹਿਬ ਦੀ ਕਿਰਿਆ ਵਾਲੇ ਦਿਨ ਸ਼ਾਮ ਦੇ ਵੇਲੇ ਕਿਰਿਆ ਪਿੱਛੋਂ ਉਨ੍ਹਾਂ ਦਾ ਭਰਾ, ਫ਼ੌਜ ਦਾ ਮੇਜਰ ਪੁੱਤਰ, ਮੇਰੇ ਪਾਸ ਬੈਠੇ ਸਨ । ਡਾਕਟਰ ਸਾਹਿਬ ਦੇ ਭਰਾ ਨੇ 'ਰਹਿਰਾਸ' ਦਾ ਪਾਠ ਸ਼ੁਰੂ ਕੀਤਾ, ਮੇਜਰ ਪੁੱਤਰ ਵੀ ਪਾਠ ਦੀ ਸਮਾਪਤੀ ਤਕ ਆਪਣੀ ਵਾਰੀ ਦਾ ਪਾਠ ਕਰਦਾ ਰਿਹਾ । ਕਿਰਿਆ ਦੇ ਅਵਸਰ ਉੱਤੇ ਫਰੀਦਕੋਟ ਸਿੰਘ ਸਭਾ ਦੇ ਪ੍ਰਧਾਨ ਨੇ ਜੋ ਵਿਖਿਆਨ ਦਿੱਤਾ ਉਸ ਵਿਚ ਉਸ ਨੇ ਦੱਸਿਆ ਕਿ ਡਾਕਟਰ ਸਾਹਿਬ ਫ਼ਰੀਦਕੋਟ ਦੀਆਂ ਧਾਰਮਿਕ ਸੰਸਥਾਵਾਂ ਲਈ ਜਦੋਂ ਲੋਕਾਂ ਪਾਸੋਂ ਦਾਨ ਕਰਵਾਇਆ ਕਰਦੇ ਸਨ ਤਾਂ ਉਸ ਵੇਲੇ ਉਹ ਪਿੰਗਲਵਾੜਾ ਅੰਮ੍ਰਿਤਸਰ ਦਾ ਵੀ ਪੂਰਾ-ਪੂਰਾ ਪ੍ਰਚਾਰ ਕਰਿਆ ਕਰਦੇ ਸਨ । ਕਿਰਿਆ ਤੋਂ ਦੂਸਰੇ ਦਿਨ ਡਾਕਟਰ ਸਾਹਿਬ ਦਾ ਇਕ ਪੋਤਰਾ (ਮੇਜਰ ਸਾਹਿਬ ਦਾ ਪੁੱਤਰ) ਦਸਵੀਂ ਜਮਾਤ ਦਾ ਵਿਦਿਆਰਥੀ ਉਸ ਕਮਰੇ ਵਿਚ ਦੋ ਤਿੰਨ ਘੰਟੇ ਬੈਠਾ ਰਿਹਾ ਜਿੱਥੇ ਮੇਰਾ ਲੂਲ੍ਹਾ ਤੇ ਪਿੰਗਲਵਾੜੇ ਦੇ ਸੇਵਾਦਾਰ ਮੇਰੇ ਨਾਲ ਠਹਿਰੇ ਹੋਏ ਸਨ । ਉਸ ਲੜਕੇ ਨੇ ਆਪਣੇ ਅੱਗੇ ਅੰਗਰੇਜ਼ੀ ਦੇ ਮਾਸਿਕ ਪੱਤਰ "**ਸਿੱਖ ਰੀਵੀਉ**" ਦੇ ਦਸ ਪੰਦਰਾਂ ਪੁਰਾਣੇ ਪਰਚੇ ਰੱਖੇ ਹੋਏ ਸਨ ਜਿਨ੍ਹਾਂ ਨੂੰ ਉਹ ਲਗਾਤਾਰ ਪੜ੍ਹਦਾ ਰਿਹਾ । ਕੁਝ ਸਾਲ ਹੋਏ ਹਨ, ਕਿਸੇ ਅੰਗਰੇਜ਼ੀ ਅਖ਼ਬਾਰ ਵਿਚ ਕਿਸੇ ਯੂਰਪੀਨ ਵਿਦਵਾਨ ਦਾ ਮੈਂ ਇਕ ਲੇਖ ਪੜ੍ਹਿਆ ਜਿਸ ਵਿਚ ਲਿਖਿਆ ਸੀ ਕਿ ਜਿਹੜੇ ਮਾਂ-ਬਾਪ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਗੰਦੀਆਂ ਪੁਸਤਕਾਂ ਨਾ ਪੜ੍ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਨੂੰ ਛੋਟੀ ਉਮਰ ਤੋਂ ਹੀ ਚੰਗੀਆਂ ਤੇ ਧਾਰਮਿਕ ਪੁਸਤਕਾਂ ਪੜ੍ਹਨ



ਦੀ ਆਦਤ ਪਾਉਣ । **ਕਿਸੇ ਸਿਆਣੇ ਬੰਦੇ ਦਾ ਕਥਨ ਠੀਕ ਹੀ ਹੈ ਕਿ ਆਪਣੇ ਬੱਚਿਆਂ ਨੂੰ ਬਹੁਤਾ ਧਨ ਦੇਣ ਦੀ ਬਜਾਏ ਉਨ੍ਹਾਂ ਨੂੰ ਧਨ ਅਕਲ ਨਾਲ ਖ਼ਰਚ ਕਰਨ ਦੀ ਜਾਚ ਸਿਖਾਉਣੀ ਚਾਹੀਦੀ ਹੈ ।** ਜਿਹੜੇ ਮਾਪੇ ਬੱਚਿਆਂ ਨੂੰ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦਾ ਸ਼ੌਕ ਨਹੀਂ ਪਾਉਂਦੇ ਤੇ ਰੁਪਏ ਨੂੰ ਹੀ ਸਭ ਕੁਝ ਸਮਝਦੇ ਹਨ ਉਹ ਆਪਣੇ ਬੱਚਿਆਂ ਤੋਂ ਨੇਕ ਬਣੇ ਰਹਿਣ ਦੀ ਆਸ ਵੀ ਨਾ ਕਰਿਆ ਕਰਨ । ਉਨ੍ਹਾਂ ਦੇ ਬੱਚੇ ਅਕਸਰ ਕਈ ਤਰ੍ਹਾਂ ਦੇ ਐਬਾਂ ਵਿਚ ਪੈ ਜਾਂਦੇ ਹਨ । ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ ਕਿ ਜਿਸ ਘਰ ਵਿਚ ਬੰਦੇ ਨੂੰ ਆਤਮਿਕ ਗਿਆਨ ਦੇਣ ਵਾਲਾ ਕੋਈ ਧਾਰਮਿਕ ਗ੍ਰੰਥ ਨਾ ਪਿਆ ਹੋਵੇ ਉਸ ਵਿਚ ਗੁਨਾਹਾਂ ਨੂੰ ਅੰਦਰ ਵੜਨ ਤੋਂ ਰੋਕ-ਟੋਕ ਪਾਉਣ ਲਈ ਕੋਈ ਰੁਕਾਵਟ ਨਹੀਂ ਤਾਂ ਗੁਨਾਹ ਉਸ ਅੰਦਰ ਬਿਨਾਂ ਰੋਕ-ਟੋਕ ਤੋਂ ਆ ਸਕਦੇ ਹਨ । ਡਾਕਟਰ ਪੂਰਨ ਸਿੰਘ ਜੀ ਨੇ ਆਪਣੇ ਪੁੱਤਰਾਂ ਬਾਰੇ ਕਦੇ ਨਾ ਸੋਚਿਆ ਕਿ ਉਹ ਉਨ੍ਹਾਂ ਲਈ ਬਹੁਤ ਸਾਰਾ ਧਨ ਜੋੜ ਕੇ ਛੱਡ ਜਾਣ । ਉਨ੍ਹਾਂ ਲਈ ਉਨ੍ਹਾਂ ਨੇ ਕੇਵਲ ਇੱਕੋ ਗੱਲ ਸੋਚੀ ਕਿ ਉਹ ਗੁਰਮਿਤ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਤੇ ਪ੍ਰਤੀ-ਦਿਨ ਦੋਨੋਂ ਵੇਲੇ ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਵਾਲੇ ਬਣਨ, ਤਾਂ ਜੋ ਉਹ ਉੱਦਮ ਕਰਦੇ ਹੋਏ ਨਿਰਛਲਤਾ ਨਾਲ ਆਪਣੀ ਰੋਜ਼ੀ ਕਮਾ ਸਕਣ ਤੇ ਸਤਿਕਾਰ ਨਾਲ ਜੀਅ ਵੀ ਸਕਣ । ਇਸ ਲਈ ਡਾਕਟਰ ਸਾਹਿਬ ਨਿਰਧਨ ਰੋਗੀਆਂ ਦਾ ਇਲਾਜ ਵੀ ਮੁਫ਼ਤ ਕਰਦੇ ਤੇ ਬੇਫ਼ਿਕਰ ਹੋ ਕੇ ਸਸਤੀ ਅਤੇ ਮੁਫ਼ਤ ਦਵਾਈ ਵੀ ਦਿੰਦੇ ਰਹੇ । ਬੇਫ਼ਿਕਰ ਹੋ ਕੇ ਦਸਵੰਧ ਤੋਂ ਵੀ ਵੱਧ ਦਾਨ ਕਰਦੇ । ਗੁਰਮਤਿ ਤੋਂ ਪ੍ਰੇਰਨਾ ਲੈਣ ਵਾਲੇ ਤੇ ਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਵਾਲੇ ਉਹਨਾਂ ਦੇ ਸਾਰੇ ਪੁੱਤਰ ਚੰਗੇ ਰੁਜ਼ਗਾਰਾਂ 'ਤੇ ਲੱਗੇ ਹੋਏ ਹਨ ਅਤੇ ਆਪਣੀ ਕਮਾਈ ਕਰਦੇ ਹੋਏ ਭਾਰੇ ਸਤਿਕਾਰ ਨਾਲ ਜੀਅ ਰਹੇ ਹਨ । ਉਹਨਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਪਿਤਾ ਦੇ ਛੱਡੇ ਹੋਏ ਧਨ

ਵੱਲ ਤੱਕਣ ਦੀ ਕੋਈ ਲੋੜ ਨਹੀਂ ਸੀ । ਡਾਕਟਰ ਸਾਹਿਬ ਦੀ ਪੈਨਸ਼ਨ ੨੪● ਰੁਪਏ ਮਾਹਵਾਰ ਸੀ । ਉਹ ਪੈਨਸ਼ਨ ਦੀ ਸਾਰੀ ਰਕਮ ਦਸਵੰਧ ਵਿਚ ਦੇ ਦਿੰਦੇ ਸਨ । ਉਹ ਆਪਣੀ ਆਮਦਨ ਦਾ ਪੂਰਾ ਹਿਸਾਬ ਰੱਖਦੇ ਸਨ ਤੇ ਉਸ ਵਿਚੋਂ ਦਸਵੰਧ ਕੱਢਦੇ ਸਨ । ਡਾਕਟਰ ਸਾਹਿਬ ੧੯੪੩ ਵਿਚ ਰੀਟਾਇਰ ਹੋਏ ਤੇ ਆਪਣੀ ਮੌਤ ਤਕ ਦੇ ਸਮੇਂ ਵਿਚ ਉਨ੍ਹਾਂ ਨੇ ਪ੭●●● ਰੁਪਿਆ ਦਸਵੰਧ ਦੇ ਰੂਪ ਵਿਚ ਦਾਨ ਦਿੱਤਾ । ਭਾਵੇਂ ਉਹਨਾਂ ਦਾ ਦਸਵੰਧ ਇਸ ਰਕਮ ਤੋਂ ਘੱਟ ਬਣਦਾ ਸੀ । ਧੰਨ ਹੈ ਗੁਰੂ ਦੀ ਬਾਣੀ ਜਿਸ ਨੂੰ ਪੜ੍ਹ ਸੁਣ ਕੇ ਡਾਕਟਰ ਪੂਰਨ ਸਿੰਘ ਵਰਗੇ ਬੰਦੇ ਉਪਜਦੇ ਹਨ । ਇਹੋ ਜਿਹੇ ਬੰਦਿਆਂ ਬਾਬਤ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ੁਰਮਾਉਂਦੇ ਹਨ :-

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥**

(ਅੰਗ ੨੯੨)

ਡਾਕਟਰ ਸਾਹਿਬ ੨੩ ਸਾਲ ਦੀ ਉਮਰ ਵਿਚ ਸੁਰਗਵਾਸ ਹੋਏ ਸਨ । ਉਹ ਆਪਣੀ ਲੰਬੀ ਉਮਰ ਤੇ ਸਿਹਤ 'ਤੇ ਮਾਣ ਕਰਦਿਆਂ ਕਿਹਾ ਕਰਦੇ ਸਨ ਕਿ ਮੈਂ ਇਸ ਰੱਬੀ ਰਹਿਮਤ ਨੂੰ ਭਲੀ ਪ੍ਰਕਾਰ ਸਫਲ ਕਰਨ ਦਾ ਯਤਨ ਕੀਤਾ ਹੈ । ਮੈਂ ਸੰਸਾਰ ਵਿਚ ਇੱਜ਼ਤ ਸਤਿਕਾਰ ਨਾਲ ਜੀਵਿਆ ਹਾਂ, ਕਿਉਂਕਿ ਮੈਂ ਦਸਾਂ ਨਹੁੰਆਂ ਦੀ ਕਮਾਈ ਕੀਤੀ ਹੈ, ਉਸ ਵਿਚੋਂ ਦਸਵੰਧ ਕੱਢਿਆ ਹੈ ਅਤੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦੇ ਕੇ ਉੱਚੀਆਂ ਪਦਵੀਆਂ 'ਤੇ ਪਹੁੰਚਾਇਆ ਹੈ ।

**-ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ, ਅੰਮ੍ਰਿਤਸਰ ।**



**ਭਗਤ ਪੂਰਨ ਸਿੰਘ ਜੀ ਬਾਰੇ ਕਵੀ ਅਨੂਪ ਸਿੰਘ ਜੀ ਨੂਰੀ, ਮੈਨੇਜਰ ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਲੋਧੀ, ਵੱਲੋਂ ਮਿਤੀ ੧੯-੪-੯੮ ਨੂੰ ਕੁਸ਼ਟ ਰੋਗ ਨਿਵਾਰਨ ਸੰਸਥਾ ਭਗਤ ਪੂਰਨ ਸਿੰਘ ਜੀ ਮਾਰਗ, ਕਪੂਰਥਲਾ ਵਿਚ ਪੜ੍ਹੀ ਗਈ, ਜੋ-ਬੇਹੱਦ ਸਰਾਹੀ ਗਈ ।**

ਲਾਵਾਰਸਾਂ ਦਾ ਸੀ ਵਾਰਸ, ਭਗਤ ਪੂਰਨ ਸਿੰਘ ਜੀ ।
ਦੁਖੀਆਂ ਦੀ ਹੈ ਸੀ ਢਾਰਸ, ਭਗਤ ਪੂਰਨ ਸਿੰਘ ਜੀ ।
ਸੋਹਬਤ ਜੀਹਦੀ ਤੋਂ ਬਣ ਗਏ, ਲੱਖਾਂ ਹੀ ਨੂਰੀ ਕੁੰਦਨ ।
ਅਨਮੋਲ ਉਹ ਸੀ ਪਾਰਸ, ਭਗਤ ਪੂਰਨ ਸਿੰਘ ਜੀ ।

(੧)

ਲੂਲ੍ਹੇ ਲੰਗੜਿਆਂ ਨੂੰ ਗਲੇ ਲਾਉਣ ਵਾਲਾ,
ਇਹ ਇਕ ਵੈਦ ਪਹਿਲਾ ਸੇਵਾਦਾਰ ਪਹਿਲਾ ।
ਲਾਵਾਰਸਾਂ ਦਾ ਬਣਿਆਂ ਇਹ ਵਾਰਸ,
ਦੁਨੀਆਂ ਮੰਨੇ ਇਹ ਸਿਪਾ ਸਾਲਾਰ ਪਹਿਲਾ ।
ਦੁੱਖ ਦੂਜੇ ਦਾ ਵੇਖ ਕੇ ਤੜਪਦਾ ਜੋ,
ਦੇਸ਼ ਭਗਤ ਪਹਿਲਾ ਤੇ ਗ਼ਮਖਾਰ ਪਹਿਲਾ ।
ਹਰ ਇਕ ਦੁੱਖੀ ਯਤੀਮ ਦਾ ਇਹ ਦਰਦੀ,
ਪੂਰਨ ਸਿੰਘ ਸੰਪੂਰਨ ਸਰਦਾਰ ਪਹਿਲਾ ।
ਸੇਵਾ ਸਿਮਰਨ ਦੀ ਕੌਮ ਨੂੰ ਜਾਚ ਦੱਸੀ,
ਇਸ ਲਈ ਦੇਸ਼ ਤੇ ਕੌਮ ਦੀ ਜਾਨ ਹੈ ਇਹ ।
ਮੈਂ ਨਹੀਂ ਕਹਿੰਦਾ ਇਹ ਸਾਰਾ ਸੰਸਾਰ ਕਹਿੰਦਾ,
ਸੱਚਮੁੱਚ ਮੁਕੰਮਲ ਇਨਸਾਨ ਹੈ ਇਹ ।

(੨)

ਪਿਆਰਾ ਸਿੰਘ ਦੀ ਪਾਲਣਾ ਜਿਵੇਂ ਕੀਤੀ ?
ਮਿਲਦੀ ਐਹੋ ਜਿਹੀ ਦੱਸੋ ਮਿਸਾਲ ਕਿੱਥੇ ?

ਉਹਦੀ ਗ਼ੰਦਗੀ ਨੂੰ ਸਾਫ਼ ਕਰਨ ਵਾਲਾ,
ਮਿਲਣਾ ਐਹੋ ਜਿਹਾ ਮਾਈ ਦਾ ਲਾਲ ਕਿੱਥੇ ?
ਲੱਖਾਂ ਰੋਗੀਆਂ ਨੂੰ ਸੀਨੇ ਲਾਉਣ ਵਾਲਾ,
ਮਸ਼ਰਕ ਮਗਰਬ ਜਨੂਬ ਸ਼ਮਾਲ ਕਿੱਥੇ ?
ਲੋਚੇ ਭਲਾ ਸਰਬੱਤ ਦਾ ਸਦਾ ਜਿਹੜਾ,
ਇਹਦੇ ਜਿਹਾ ਹੈ ਦੀਨ ਦਿਆਲ ਕਿੱਥੇ ?
ਬ੍ਰਹਮ ਗਿਆਨੀ ਅਨਾਥਾਂ ਦਾ ਨਾਥ ਜਿੱਦਾਂ,
ਗੁਰਾਂ ਸੁਖਮਨੀ ਵਿਚ ਉਚਾਰਿਆ ਹੈ।
ਇਹਨੇ ਬੇਕਸਾਂ ਦਾ ਏਦਾਂ ਨਾਥ ਬਣਕੇ,
ਜੀਵਨ ਆਪਣਾ 'ਨੂਰੀ' ਗੁਜ਼ਾਰਿਆ ਹੈ।

-ਬੇਬੇ ਨਾਨਕੀ ਇਸਤਰੀ ਸਤਿਸੰਗ ਚੈਰੀਟੇਬਲ
ਸੁਲਤਾਨਪੁਰ ਲੋਧੀ (ਕਪੂਰਥਲਾ)



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਿਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿਚ ਬਲਕਿ ਵਿਦੇਸ਼ਾਂ ਵਿਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1764 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,

*ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ । * ਯੋਗ ਲੜਕੇ ਲੜਕੀਆਂ ਦੇ ਵਿਆਹ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ, *ਅੰਮ੍ਰਿਤ ਵਾਟਿਕਾ।

**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ , ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੌਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਕੰਪਲੈਕਸ,ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ , (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।



## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਚ 1764* ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**31 ਅਕਤੂਬਰ 2016 ਤਕ ਸਮੂਹ ਬ੍ਰਾਂਚਾਂ ਵਿਚ ਮੌਜੂਦਾ ਰੋਗੀਆਂ ਦੀ ਗਿਣਤੀ :**

| | | | |
|---|---|---|---|
| ਮਾਨਸਿਕ ਰੋਗੀ | -396 | ਏਡਜ਼ ਵਾਲੇ | -18 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -208 |
| ਮੰਦ-ਬੁੱਧੀ ਵਾਲੇ | -378 | ਕੈਂਸਰ ਵਾਲੇ | -01 |
| ਗੂੰਗੇ ਬੋਲੇ | -157 | ਸ਼ੂਗਰ ਵਾਲੇ | -80 |
| ਬਜ਼ੁਰਗ | -146 | ਸਕੂਲ ਜਾਣ ਵਾਲੇ ਬੱਚੇ | -100 |
| ਜ਼ਖ਼ਮਾਂ ਵਾਲੇ | - 34 | ਛੱਡੇ ਗਏ ਬੱਚੇ | -07 |
| ਟੀ.ਬੀ. ਵਾਲੇ | - 17 | ਠੀਕ ਹੋ ਚੁੱਕੇ ਰੋਗੀ | -22 |
| ਨੇਤਰਹੀਣ | - 41 | **ਕੁੱਲ ਜੋੜ** | **1764** |

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 374 |
| 2. ਮਾਨਾਂਵਾਲਾ ਕੰਪਲੈਕਸ | 854 |
| 3. ਪੰਡੋਰੀ ਵੜੈਚ ਬ੍ਰਾਂਚ | 82 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 94 |
| **ਕੁੱਲ ਮਰੀਜ਼** | **1764** |

*ਮਰੀਜ਼ਾਂ ਦੀ ਗਿਣਤੀ ਵਿਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2016 ਵਿਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ ਦਾਨ ਕੈਂਪ ਵਿਚ 195 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ ਐਂਬੂਲੈਂਸ, ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।



**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ।

**(ਖ)ਫਿਜ਼ਿਓਥਰੈਪੀ ਸੈਂਟਰ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

(ਘ) ਭਗਤ ਜੀ ਦੀ 24ਵੀਂ ਬਰਸੀ 'ਤੇ 31 ਜੁਲਾਈ 2016 ਨੂੰ 'Roko Cancer Charitable Trust, London' ਵੱਲੋਂ ਅਤੇ ਪਿੰਗਲਵਾੜਾ ਸੋਸਾਇਟੀ ਵੱਲੋਂ ਮੁਫ਼ਤ ਕੈਂਸਰ ਦਾ ਕੈਂਪ ਅਤੇ ਮੈਡੀਕਲ ਕੈਂਪ ਮਾਨਾਂਵਾਲਾ ਕੰਪਲੈਕਸ ਵਿਖੇ ਲਗਾਇਆ ਗਿਆ।

**ਵਾਤਾਵਰਨ :**

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ '**ਮਾਰੂਥਲ ਬਣਨ**' ਤੇ '**ਭੂ-ਖੋਰ**' ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ,

ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿਚ ਵੱਖ ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ :**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ:** ਇਸ ਸਕੂਲ ਵਿਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ, ਜਿੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ



ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ**:- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ, (ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ ਆਦਿ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਮਾਨਾਂਵਾਲਾ ਵਿਖੇ ਪਿੰਗਲਵਾੜਾ ਸੰਸਥਾ ਵਿਚ ਪੜ੍ਹਨ ਵਾਲੇ ਲਗਪਗ 176 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ

ਵਿੱਦਿਅਕ ਸੰਸਥਾਵਾਂ ਵਿਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਕਰ ਰਹੀ ਹੈ । ਪਿੰਗਲਵਾੜਾ ਪ੍ਰੈੱਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿਚ, ਲਦਾਖ ਵਿਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿਚ



2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ ਲੈ ਕੇ ਲੇਹ ਗਏ ਅਤੇ ਪੀੜਿਤਾਂ ਦੇ ਘਰ-ਘਰ ਜਾ ਕੇ ਇਹ ਰਾਹਤ ਸਮੱਗਰੀ ਵੰਡੀ ਗਈ। ਅਕਤੂਬਰ 2014 ਵਿਚ ਜੰਮੂ ਕਸ਼ਮੀਰ ਵਿਚ ਹੜ੍ਹਾਂ ਨਾਲ ਪੀੜਿਤ ਲੋਕਾਂ ਲਈ ਪਿੰਗਲਵਾੜੇ ਵੱਲੋਂ ਦੋ ਟਰੱਕ ਰਸਦ, ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ**: ਸੰਗਰੂਰ ਬ੍ਰਾਂਚ ਵਿਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ**: ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿਚ ਮੁੱਖ ਦਫ਼ਤਰ ਪਿੰਗਲਵਾੜਾ ਵਿਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ—'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours
(ਖ) Natural Farming
(ਗ) ਪਾਣੀ ਦੀ ਸਮੱਸਿਆ
(ਘ) ਰੁੱਖ
(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਿਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ । ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ ਡਾ. ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ 4 ਜੂਨ, 2004 ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿਚ ਇਕ ਗਊਸ਼ਾਲਾ ਦਾ ਭੀ ਨਿਰਮਾਣ ਕੀਤਾ ਗਿਆ ਹੈ ਜਿਸ ਵਿਚ ਲਗਪਗ 120 ਦੁਧਾਰੂ ਪਸ਼ੂ ਹਨ, ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ



ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act. ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਿਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:),

ਅੰਮ੍ਰਿਤਸਰ ।

## DETAILS OF BANKS FOR SENDING DONATION THROUGH ONLINE/CHEQUE/DRAFT

**Cheques & Bank Drafts may be sent in favour of :**

**All India Pingalwara Charitable Society (Regd.) Amritsar.**

**PAN CARD NO. AAATA2237R**

| S. No. | Name of Account | A/C No. | Name of the Bank | IFS Code For Inland Remittance | Swift Code For Foreign Inward Remittance |
|---|---|---|---|---|---|
| **FOR FOREIGN DONORS** | | | | | |
| 1. | All India Pingalwara Charitable Society (Regd.) Amritsar. | 01562010002890 | Oriental Bank of Commerce Sharifpura Amritsar. | ORBC0100156 | ORBCINBBASR |
| **FOR INLAND DONORS** | | | | | |
| 2. | All India Pingalwara Charitable Society (Regd.) Amritsar. | 01562010003720 | Oriental Bank of Commerce Sharifpura Amritsar. | ORBC0100156 | ........... |
| 3. | All India Pingalwara Charitable Society (Regd.) Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.) Amritsar. | 630510100026147 | Bank of India City Centre Amritsar | BKID0006305 | BKIDINBBASR |



| | | | | | |
|---|---|---|---|---|---|
| 5. | All India Pingalwara Charitable Society (Regd.) Amritsar. | 685010100009799 | Axis Bank Ltd. City Centre, Amritsar | UTIB0000685 | AXISINBB179 |
| 6. | All India Pingalwara Charitable Society (Regd.) Amritsar. | 0018002100097336 | Punjab National Bank Hall Bazar, Amritsar. | PUNB0001800 | PUNBINBBAHB |
| 7. | All India Pingalwara Charitable Society (Regd.) Amritsar. | 006601012522 | ICICI Bank Ltd. Lawrence Road, Amritsar | ICIC0000066 | ICICINBBFEX |
| 8. | All India Pingalwara Charitable Society (Regd.) Amritsar. | 01151000246510 | HDFC Bank Ltd. Mall Road, Amritsar | HDFC0000115 | HDFCINBB |
| 9. | All India Pingalwara Charitable Society (Regd.) Amritsar. | 13131000082013 | HDFC Bank Ltd. Ghanta Ghar Golden Temple Amritsar | HDFC0001313 | HDFCINBB |
| 10. | All India Pingalwara Charitable Society (Regd.) Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 11. | All India Pingalwara Charitable Society (Regd.) Amritsar. | 01010100015572 | Bank of Baroda Town Hall, Amritsar | BARBOAMRITS | BARBINBBAMR |

## ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ( Natural Resources ) ਦੀ ਰੱਖਿਆ ਕਰੋ ।
* ਡੀਜ਼ਲ ਅਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇ-ਰੁਜ਼ਗਾਰੀ ਨੂੰ ਘਟਾਉਣ ਵਿਚ ਮਦਦ ਕਰੋ ।
* ਵਧ ਰਹੀ ਅਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ । ਰੁੱਖ ਸਵੱਛ ਵਾਤਾਵਰਣ ਅਤੇ ਖੁਸ਼ਹਾਲੀ ਦਾ ਆਧਾਰ ਹਨ । ਬਰਸਾਤ ਦੇ ਮੌਸਮ ਵਿਚ ਹਰ ਇਕ ਮਨੁੱਖ ਇਕ ਰੁੱਖ ਜ਼ਰੂਰ ਲਾਵੇ ।
* ਰਸਤੇ ਵਿਚ ਪਏ ਹੋਏ ਕੇਲੇ ਦੇ ਛਿੱਲੜ, ਰੋੜੇ, ਕਿੱਲ, ਖੁਰੀਆਂ, ਆਦਿ ਚੁੱਕ ਕੇ, ਪ੍ਰਾਣੀ-ਮਾਤਰ ਦਾ ਭਲਾ ਕਰੋ ।
* ਜਾਨਵਰਾਂ ਪ੍ਰਤੀ ਦਇਆਮਈ ਭਾਵਨਾ ਰੱਖੋ ਅਤੇ ਉਨ੍ਹਾਂ ਦੀ ਰੱਖਿਆ ਲਈ ਵੱਧ ਤੋਂ ਵੱਧ ਉਪਰਾਲੇ ਕਰੋ ।

***



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ- ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ